# ਬਿਪਰਵਾਦ ਵਿਰੁੱਧ ਚੱਲ ਰਹੇ ਸਿਧਾਂਤਕ ਸੰਘਰਸ਼ ਦੇ ਵਿਰੋਧ ’ਚ ਭੁਗਤ ਰਹੇ ਸਾਡੇ ‘ਵਿਦਵਾਨ ਸੱਜਣ’

*-ਗੁਰਸਿੱਖ ਫੀਚਰਜ਼*

ਕਿਸੇ ਵੀ ਦੇਸ਼, ਸਮਾਜ, ਜਮਾਤ, ਜਥੇਬੰਦੀ, ਕੌਮ ਜਾਂ ਧਰਮ ਸਾਹਮਣੇ ਆਪਣੀ ਅਜੋਕੀ ਸਥਿਤੀ ਦਾ ਵਿਸ਼ਲੇਸ਼ਣ-ਸੰਸਲੇਸ਼ਣ ਕਰਨ ਸਮੇਂ ਆਪਣੇ ਪਿਛਲੇ ਅਨੁਭਵਾਂ, ਘਟਨਾਵਾਂ, ਸਾਕਿਆਂ, ਘਲੂਘਾਰਿਆਂ, ਸ਼ਹੀਦਾਂ, ਵਿਦਵਾਨਾਂ, ਦਾਨਿਸ਼ਵਰਾਂ ਅਤੇ ਦੁਨੀਆ ਵਿਚ ਪਿਛਲੇ ਸਮੇਂ ਵਾਪਰ ਚੁੱਕੀਆਂ ਘਟਨਾਵਾਂ ਇਤਿਆਦਿ ਦੇ ਸਮੁੱਚੇ ਪਰਿਪੇਖ ਨੂੰ ਵਿਚਾਰ ਵਿਚ ਰੱਖਿਆ ਜਾਣਾ ਅਤਿਅੰਤ ਲਾਜ਼ਮੀ ਕਰਮ ਹੁੰਦਾ ਹੈ। ਖ਼ਾਲਸਾ ਪੰਥ ਵੱਲੋਂ ਨਿਤਾਪ੍ਰਤੀ ਕੀਤੀ ਜਾਣ ਵਾਲੀ ਅਰਦਾਸ ਵਿਚ ਵੀ ਅਸੀਂ ਅਕਾਲ ਪੁਰਖ ਦਾ ਧਿਆਨ ਧਰਨ ਉਪਰੰਤ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਤਕ ਦੇ ਨਾਵਾਂ ਨੂੰ ਇਸੇ ਲਈ ਰੋਜ਼ਾਨਾ ਦੁਹਰਾਉਂਦੇ ਅਤੇ ਚਿਤਾਰਦੇ ਹਾਂ ਕਿ ਜੀਵਨ ਦਾ ਕੋਈ ਵੀ ਫੈਸਲਾ ਜਾਂ ਨਿਰਣਾ ਲੈਣ ਸਮੇਂ, ਕੋਈ ਵੀ ਭਵਿੱਖ ਮੁਖੀ ਯੋਜਨਾ ਬਣਾਉਣ ਸਮੇਂ ਅਕਾਲ ਪੁਰਖ, ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਸੇਧ ਅਤੇ ਰੋਸ਼ਨੀ ਵਿਚ ਹੀ ਉਹ ਫੈਸਲਾ ਲਿਆ ਜਾਵੇ। ਇਸੇ ਬਿਧ ਦੀ ਲੜੀ ਵਿਚ ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ, ਬੰਦ-ਬੰਦ ਕਟਵਾਉਣ ਵਾਲੇ ਅਤੇ ਚਰਖੜੀਆਂ ਤੇ ਚੜ੍ਹਨ ਵਾਲੇ ਸ਼ਹੀਦਾਂ ਦੀ ਯਾਦ ਨੂੰ ਰੋਜ਼ਾਨਾ ਦੁਹਰਾਇਆ ਜਾਂਦਾ ਹੈ। ਅੱਜ ਸਾਲ 2003 ਈਸਵੀ ਵਿਚ ਖੜ੍ਹੇ ਹੋ ਕੇ ਅਸੀਂ ਜਦ ਕਦੀ ਵੀ ਚਿਤਾਰਨ ਲੱਗਦੇ ਹਾਂ ਤਾਂ ਰੋਜ਼ਾਨਾ ਦੀ ਅਰਦਾਸ ਵਿਚ ਵਰਣਿਤ 1947 ਤਕ ਦੇ ਸ਼ਹੀਦਾਂ ਤੋਂ ਇਲਾਵਾ 1947 ਤੋਂ ਬਾਅਦ ਹੋਈਆਂ ਕੁਰਬਾਨੀਆਂ, 1978 ਦੀ ਖ਼ੂਨੀ ਵਿਸਾਖੀ, ਸਾਕਾ ਨੀਲਾ ਤਾਰਾ, 1984 ਦਾ ਸਿੱਖ ਵਿਰੋਧੀ ਕਤਲੇਆਮ, ਸਾਕਾ ਕਾਲੀ ਗਰਜ਼ ਅਤੇ ਅੱਜ ਤਕ ਇਸੇ ਲੜੀ ਵਿਚ ਚੱਲ ਰਹੇ ਸੰਘਰਸ਼ ਅਤੇ ਸ਼ਹੀਦੀਆਂ ਨੂੰ ਅੱਖੋਂ-ਪਰੋਖੇ ਕਰਕੇ ਕਿਸੇ ਭਵਿੱਖ ਮੁਖੀ ਯੋਜਨਾ ਜਾਂ ਵਿਚਾਰਧਾਰਾ ਦਾ ਨਿਰਣਾ ਕੀਤਾ ਜਾਣਾ ਅਸੰਭਵ ਹੈ। ਜੇ ਅੱਜ ਤਕ ਵਾਪਰੇ ਕਿਸੇ ਇਕ ਤੱਥ ਨੂੰ ਵੀ ਅਣਗੌਲਿਆਂ ਕਰਕੇ ਕੋਈ ਕਦਮ ਪੁੱਟਿਆ ਜਾਂਦਾ ਹੈ ਤਾਂ ਉਸਦੇ ਗ਼ਲਤ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਗੁਰੂ ਪੰਥ ਸਨਮੁਖ ਅਜੋਕੀ ਸਮੱਸਿਆਵਾਂ ਨੂੰ ਚਿਤਾਰਦਿਆਂ 1978 ਤੋਂ ਬਾਅਦ ਵਾਪਰੇ ਹਾਲਾਤਾਂ, ਇਸ ਸਮੇਂ ਦੌਰਾਨ ਬਿਪਰਵਾਦ ਵੱਲੋਂ ਸਿੱਖ ਸੰਘਰਸ਼ ਨੂੰ ਕੁਚਲਣ ਲਈ ਵਰਤੀਆਂ ਗਈਆਂ ਜ਼ਹਿਰੀਲੀਆਂ ਕੁਟਲ ਅਤੇ ਕਮੀਨਗੀ ਦੀ ਹੱਦ ਤੋਂ ਡਿੱਗੀਆਂ ਹੋਈਆਂ ਲੂੰਬੜ-ਚਾਲਾਂ ਨੂੰ ਪੂਰੀ ਤਰ੍ਹਾਂ ਸਮਝੇ ਬਿਨਾਂ ਅਤੇ ਸਪੱਸ਼ਟ ਚੇਤੰਨ ਰੂਪ ਵਿਚ ਉਨ੍ਹਾਂ ਤੋਂ ਜਾਣੂ ਹੋਏ ਬਿਨਾਂ ਬਿਪਰਵਾਦ ਹੱਥੋਂ ਅਣਆਈ ਮੌਤ ਮਰਨ ਵਾਲੀ ਗੰਭੀਰ ਗ਼ਲਤੀ ਹੋਵੇਗੀ।

ਸੰਖੇਪ ਰੂਪ ਵਿਚ ਇਥੇ ਇਹ ਦੱਸਣਾ ਲਾਜ਼ਮੀ ਹੋਵੇਗਾ ਕਿ 1947 ਤੋਂ ਬਾਅਦ ਸਿੱਖੀ ਨੂੰ ਸਮਾਪਤ ਕਰਨ ਲਈ ਬਿਪਰ ਹਾਕਮਾਂ ਵੱਲੋਂ ਜੋ ਯੋਜਨਾਬੱਧ ਕਾਰਵਾਈਆਂ ਕੀਤੀਆਂ ਗਈਆਂ, ਉਨ੍ਹਾਂ ਦੇ ਪ੍ਰਤੀਕਰਮ ਜਾਂ ਟਾਕਰੇ ਲਈ ਸਿੱਖ ਪੰਥ ਵੱਲੋਂ ਕਿਸੇ ਵੀ ਪ੍ਰਕਾਰ ਦਾ ਕੋਈ ਵਿਉਂਤਬੱਧ ਸੰਘਰਸ਼ ਨਹੀਂ ਵਿੱਢਿਆ ਗਿਆ। ਪਾਕੀਜ਼ਗੀ ਦੀ ਆਕਾਸ਼ ਗੰਗਾ ਦੇ ਸਿਖਰ ਤੋਂ ਉਤਰੇ ਸਿੱਖ ਜਜ਼ਬੇ ਨੇ ਹਮੇਸ਼ਾ ਹੀ ਭਾਵੁਕ ਅਤੇ ਆਪਾਵਾਰੂ ਪ੍ਰਤੀਕਰਮ ਹੀ ਦਿੱਤੇ ਹਨ। ਇਸੇ ਸਿਖ਼ਰ ਪਾਕੀਜ਼ਗੀ ਦਾ ਨਮੂਨਾ ਸੀ 1978 ਦੀ ਖ਼ੂਨੀ ਵਿਸਾਖੀ। ਨਰਕਧਾਰੀ ਮੁਖੀ ਵੱਲੋਂ ਪਿਛਲੇ ਕਈ ਸਾਲਾਂ ਤੋਂ ਕੀਤੀ ਜਾ ਰਹੀ ਗੁਰੂ-ਨਿੰਦਾ ਅਤੇ ਉਕਸਾਹਟ ਦੀ ਅਤਿ ਦੇ ਪ੍ਰਤੀਕਰਮ ਵੱਜੋਂ ਹੀ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਨਾਲ ਜੁੜੀਆਂ ਪਾਕ ਰੂਹਾਂ ਦਾ ਇਕ ਜਥਾ ਨਰਕਧਾਰੀ ਮੁਖੀ ਵਿਰੁੱਧ ਸ਼ਾਂਤਮਈ ਰੋਸ ਪ੍ਰਗਟ ਕਰਨ ਗਿਆ ਸੀ ਅਤੇ ਨਰਕਧਾਰੀਏ ਦੀ ਗੰਦੀ ਮਾਨਸਿਕਤਾ ਨੇ ਇਸ ਸ਼ਾਂਤਮਈ ਸਿੱਖ ਭਾਵਨਾ ਦਾ ਜਵਾਬ ਹਿੰਸਕ ਪਸ਼ੂ ਬਿਰਤੀ ਨਾਲ ਦਿੱਤਾ। ਭਾਵਨਾਵਾਂ ਦੇ ਹੜ੍ਹ ਵਿਚ ਵਗਦਿਆਂ ਸਿੱਖ ਜਵਾਨੀ ਵੱਲੋਂ ਸੱਚ ਅਤੇ ਹੱਕ ਦੀ ਸਥਾਪਤੀ ਲਈ ਆਪਣੇ ਆਪਣੇ ਤੌਰ ’ਤੇ ਹਰ ਤਰ੍ਹਾਂ ਦੇ ਯਤਨ ਅਤੇ ਹੀਲੇ-ਹਵਾਲੇ ਆਰੰਭ ਕੀਤੇ ਗਏ। ਹਾਲਾਂ ਕਿ ਸਮੁੱਚੇ ਸਿੱਖ ਜਗਤ ਵਿਚ ਉਭਰੇ ਇਨ੍ਹਾਂ ਭਾਂਤ-ਭਾਂਤ ਦੇ ਰੁਝਾਨ ਦਾ ਕੋਈ ਜਥੇਬੰਦਕ ਰੂਪ ਤਾਂ ਨਹੀਂ ਸੀ, ਪਰ ਫਿਰ ਵੀ ਇਨ੍ਹਾਂ ਸਮੁੱਚੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਅਤੇ ਮਾਰਗ-ਦਰਸ਼ਨ ਦੇਣ ਦਾ ਇਕ ਕੇਂਦਰ ਬਿੰਦੂ ਸੰਤ ਜਰਨੈਲ ਸਿੰਘ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਇਆ। ਸੰਤ ਜਰਨੈਲ ਸਿੰਘ ਜੀ ਦੇ ਸਿੱਖੀ ਸਿਦਕ, ਸਿਰੜ, ਪਾਕੀਜ਼ਗੀ ਨੂੰ ਕਿਸੇ ਵੀ ਪ੍ਰਕਾਰ ਦੇ ਪ੍ਰਸ਼ਨ ਚਿੰਨ੍ਹ ਦੇ ਘੇਰੇ ਵਿਚ ਲਿਆਉਣਾ ਨਾ ਸਿਰਫ਼ ਸਿੱਖ ਪੰਥ, ਬਲਕਿ ਸਮੁੱਚੀ ਮਾਨਵ ਜਾਤੀ ਲਈ ਇਕ ਵੱਡਾ ਧ੍ਰੋਹ ਸਾਬਤ ਹੋਵੇਗਾ। ਇਹ ਗੱਲ ਅਲਹਿਦਾ ਹੈ ਕਿ ਸਮੇਂ ਦੇ ਸਿਆਸੀ ਹਾਲਤਾਂ, ਬਿਪਰ ਹਾਕਮਾਂ ਦੀਆਂ ਕਮੀਨੀਆਂ ਚਾਲਾਂ ਦੇ ਬਾਵਜੂਦ ਵੀ ਸੰਤ ਜੀ, ਉਹਨਾਂ ਦੇ ਸਾਥੀਆਂ ਤੇ ਸਿੱਖ ਯੋਧਿਆਂ ਨੇ ਕਈ ਮਜ਼ਬੂਰੀਆਂ ਦੇ ਬਾਵਜੂਦ ਵੀ ਡਟ ਕੇ ਮੁਕਾਬਲਾ ਕੀਤਾ। ਅਜਿਹੀ ਕਮੀ-ਪੇਸ਼ੀ ਕੱਢਣ ਦੀ ਕਪੋਲ-ਕਲਪਨਾ ਵਿਚ ਸਮੇਂ ਦੇ ਹਾਲਾਤਾਂ ਅਤੇ ਉਪਲੱਬਧ ਸਾਧਨਾਂ ਦੀ ਵਿਚਾਰ ਕੀਤੇ ਬਿਨਾਂ ਕੁਝ ਬਦਨੀਅਤ ਲੋਕਾਂ ਵੱਲੋਂ ਇਹ ਗਪੌੜ ਮਾਰੇ ਜਾਂਦੇ ਹਨ ਕਿ ਸੰਤ ਜੀ ਨੂੰ ਇਹ ਨਹੀਂ ਸੀ ਕਰਨਾ ਚਾਹੀਦਾ ਤੇ ਔਹ ਕਰ ਲੈਣਾ ਚਾਹੀਦਾ ਸੀ, ਜਾਂ ਸੰਤ ਜੀ ਨੂੰ ਔਹ ਨਹੀਂ ਸੀ ਕਰਨਾ ਚਾਹੀਦਾ ਤੇ ਆਹ ਕਰ ਲੈਣਾ ਚਾਹੀਦਾ ਸੀ। ਅਜਿਹੇ ਬਦਨੀਅਤ ਗਪੌੜਿਆਂ ਦੀਆਂ ਕਪੋਲ-ਕਲਪਨਾਵਾਂ, ਸ਼ੇਖਚਿਲੀਆਂ ਦੀ ਸੋਚ ਤੋਂ ਘੱਟ-ਵੱਧ ਨਹੀਂ ਹਨ।

ਸਾਕਾ ਨੀਲਾ ਤਾਰਾ ਤੋਂ ਉਪਰੰਤ ਬੜੇ ਹੀ ਅਸਚਰਜਜਨਕ ਰੂਪ ਵਿਚ ਇਕ ਜਥੇਬੰਦੀ, ਇਕ ਜਰਨੈਲ ਅਤੇ ਇਕ ਕੇਂਦਰ ਦੀ ਅਣਹੋਂਦ ਦੇ ਹੁੰਦਿਆਂ ਵੀ ਸਿੱਖ ਜੁਝਾਰੂਆਂ ਨੇ ਜੋ ਭੜਥੂ ਬਿਪਰ ਹਾਕਮਾਂ ਨੂੰ ਪਾਏ ਉਹ ਆਪਣੀ ਮਿਸਾਲ ਆਪ ਹੀ ਹਨ। ਵਿਸ਼ਵ ਇਤਿਹਾਸ ਵਿਚ ਇਸ ਸਮੇਂ ਦੌਰਾਨ ਵਾਪਰੀਆਂ ਘਟਨਾਵਾਂ ਨੂੰ ਆਮ ਵਿਅਕਤੀ ਕਿਸੇ ਗੈਬੀ ਚਮਤਕਾਰ ਤੋਂ ਘੱਟ ਨਹੀਂ ਸਮਝਦਾ। ਹਾਲਾਂਕਿ ਇਹ ਘਟਨਾਵਾਂ ਕੋਈ ਗੈਬੀ ਚਮਤਕਾਰ ਨਾ ਹੋ ਕੇ ਸਿੱਖ ਜੁਝਾਰੂਆਂ ਦੀ ਸੂਝ-ਬੂਝ, ਦਲੇਰੀ, ਗੁਰੂ ਪਿਆਰ ਅਤੇ ਗੁਰੂ ਕ੍ਰਿਪਾ ਦਾ ਨਤੀਜਾ ਸਨ। ਇਨ੍ਹਾਂ ਹਾਲਾਤਾਂ ਅਤੇ ਘਟਨਾਵਾਂ ਤੋਂ ਡਾਵਾਂਡੋਲ ਅਤੇ ਭੈਭੀਤ ਹੋਈ ਬਿਪਰ ਸਰਕਾਰ ਨੇ ਆਪਣੇ ਉੱਚ ਪੱਧਰੀ ਨੌਕਰਸ਼ਾਹਾਂ ਨੂੰ ਵਿਸ਼ਵ ਇਤਿਹਾਸ ਵਿਚ ਵਾਪਰ ਚੁੱਕੇ ਤੇ ਵਾਪਰ ਰਹੇ ਅਜਿਹੇ ਸੰਘਰਸ਼ਾਂ ਦੇ ਗਹਿਰੇ ਅਧਿਐਨ ਲਈ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਵਿਚ ਭੇਜਿਆ ਅਤੇ ਇਕ ਅਹਿਮ ਨਤੀਜਾ ਇਹ ਕੱਢਿਆ ਕਿ ਜਦੋਂ ਤਕ ਇਸ ਸਿੱਖ ਸੰਘਰਸ਼ ਨਾਲ ਲੋਕ ਭਾਵਨਾਵਾਂ ਅਤੇ ਆਮ ਲੋਕ ਪੂਰੀ ਤਰ੍ਹਾਂ ਜੁੜੇ ਹੋਏ ਹਨ, ਇਸ ਸੰਘਰਸ਼ ਨੂੰ ਸਮਾਪਤ ਨਹੀਂ ਕੀਤਾ ਜਾ ਸਕਦਾ। ਇਸੇ ਨਤੀਜੇ ਤੋਂ ਉਪਜੀ ਇਕ ਘਟੀਆ ਲੂੰਬੜ-ਚਾਲ ਦੇ ਤਹਿਤ ਸਿੱਖ ਜੁਝਾਰੂ ਸਫ਼ਾਂ ਵਿਚ ਆਪਣੇ ਘੁਸਪੈਠੀਏ ਵਾੜਨੇ ਸ਼ੁਰੂ ਕੀਤੇ ਗਏ। ਇਨ੍ਹਾਂ ਘੁਸਪੈਠੀਆਂ ਨੇ ਬੜੇ ਹੀ ਯੋਜਨਾਬੱਧ ਤਰੀਕੇ ਨਾਲ ਆਪਣੀ ਘੁਸਪੈਠ ਦੇ ਆਰੰਭਕ ਦਿਨਾਂ ਵਿਚ ਜੁਝਾਰੂ ਸਫ਼ਾਂ ਵਿਚ ਆਪਣੀ ਇਕ ਵਿਸ਼ੇਸ਼ ਥਾਂ ਬਣਾਈ। ਸੰਘਰਸ਼ਸ਼ੀਲ ਪੁਰਾਣੇ ਨੌਜਵਾਨਾਂ ਤੋਂ ਵੀ ਕਿਤੇ ਵਧ ਚੜ੍ਹ ਕੇ ਕਾਰਵਾਈਆਂ ਕੀਤੀਆਂ ਅਤੇ ਭਾਂਤ-ਭਾਂਤ ਦੇ ਨਵੇਂ ਪਖੰਡ ਰਚਾ ਕੇ ਆਪਣੇ ਪੰਥਕ ਹੋਣ ਦਾ ਵਧ ਚੜ੍ਹ ਕੇ ਪ੍ਰਚਾਰ ਕੀਤਾ। ਘੁਸਪੈਠ ਦੀ ਕਾਰਵਾਈ ਪੂਰੀ ਹੋਣ ਤੋਂ ਉਪਰੰਤ ਭਾਵ ਕਿ ਜੁਝਾਰੂ ਸਫ਼ਾਂ ਵਿਚ ਚੰਗੀ ਤਰ੍ਹਾਂ ਜੜ੍ਹਾਂ ਤਕ ਪਕੜ ਬਣਾ ਲੈਣ ਉਪਰੰਤ, ਆਪਣੇ ਆਕਾਵਾਂ ਤੋਂ ਪ੍ਰਾਪਤ ਆਦੇਸ਼ਾਂ ਅਤੇ ਆਪਣੇ ਅਸਲ ਉਦੇਸ਼ਾਂ ਦੀ ਪੂਰਤੀ ਲਈ ਘੁਸਪੈਠੀਆਂ ਨੇ ਮੁੱਖ ਤੌਰ ’ਤੇ ਇਹ ਕੰਮ ਆਰੰਭ ਕੀਤੇ:

1. ਲੁੱਟਾਂ-ਖੋਹਾਂ, ਬਲਾਤਕਾਰ, ਫਿਰੌਤੀਆਂ ਦੀ ਵਸੂਲੀ ਅਤੇ ਬੇਦੋਸ਼ਿਆਂ ਦੇ ਕਤਲ।
2. ਜੁਝਾਰੂ ਸਫ਼ਾਂ ਵਿਚ ਸਿਧਾਂਤਕ ਬਖੇੜੇ ਖੜ੍ਹੇ ਕਰਕੇ ਉਨ੍ਹਾਂ ਨੂੰ ਆਪਸ ਵਿਚ ਲੜਵਾਉਣਾ।
3. ਸੰਘਰਸ਼ ਪ੍ਰਤੀ ਸਮਝ ਰੱਖਣ ਵਾਲੇ ਅਤੇ ਸਮਰਪਿਤ ਨੌਜੁਆਨਾਂ ਦੀ ਮੁਖਬਰੀ ਕਰਕੇ ਫੜਵਾਉਣਾ ਅਤੇ ਮਰਵਾਉਣ ਤੋਂ ਬਾਅਦ ਉਨ੍ਹਾਂ ਦੇ ਅਹੁਦੇ ’ਤੇ ਕਿਸੇ ਘੁਸਪੈਠੀਏ ਨੂੰ ਸਥਾਪਤ ਕਰਨਾ।

ਸਿਰਫ਼ ਤੇ ਸਿਰਫ਼ ਸਿੱਖੀ ਭਾਵਨਾ ਤਹਿਤ ਕਿਸੇ ਵਿਸ਼ੇਸ਼ ਸਿਧਾਂਤਕ, ਸਰੀਰਕ, ਬੌਧਿਕ, ਮਾਨਿਸਕ ਟ੍ਰੇਨਿੰਗ ਤੋਂ ਵਿਹੂਣੇ ਸਿੱਖ ਨੌਜੁਆਨ ਇਸ ਵਰਤਾਰੇ ਨੂੰ ਸਮਝਣ ਤੋਂ ਅਸਮਰੱਥ ਰਹੇ। ਨਤੀਜਤਨ ਹਜ਼ਾਰਾਂ ਕੁਰਬਾਨੀਆਂ ਅਤੇ ਭਾਰੀ ਪੰਥਕ ਨੁਕਸਾਨ ਦੇ ਬਾਵਜੂਦ ਵੀ ਕੋਈ ਪ੍ਰਾਪਤੀ ਨਾ ਹੋ ਸਕੀ।

ਵਿਚਾਰ-ਚਰਚਾ ਨੂੰ ਅੱਗੇ ਤੋਰਨ ਤੋਂ ਪਹਿਲਾਂ ਇਨ੍ਹਾਂ ਘੁਸਪੈਠੀਆਂ ਦੀ ਇਕ ਹੋਰ ਚਾਲ ਬਾਬਤ ਦੱਸਣਾ ਜ਼ਰੂਰੀ ਹੋਵੇਗਾ ਕਿ ਇਨ੍ਹਾਂ ਨੇ ਘੁਸਪੈਠ ਕਰਨ ਤੋਂ ਉਪਰੰਤ ਬੜੀ ਹੀ ਚਲਾਕੀ ਨਾਲ ਸੰਘਰਸ਼ ਪ੍ਰਤੀ ਸਮਰਪਿਤ ਜੁਝਾਰੂਆਂ ਨੂੰ ਗ਼ੱਦਾਰ ਅਤੇ ਸਰਕਾਰੀਆ ਕਹਿਣਾ ਸ਼ੁਰੂ ਕਰ ਦਿੱਤਾ। ਇਹ ਚਲਾਕੀ ਇਸ ਯੋਜਨਾ ਦੇ ਤਹਿਤ ਕੀਤੀ ਗਈ ਸੀ ਕਿ ਆਪਣਾ ਪਾਜ ਉਘੜਨ ’ਤੇ ਜਦ ਉਨ੍ਹਾਂ ਨੂੰ ਸੱਚੇ-ਸੁੱਚੇ ਸਮਰਪਿਤ ਜੁਝਾਰੂਆਂ ਵੱਲੋਂ ਸਰਕਾਰੀਆ ਜਾਂ ਗ਼ੱਦਾਰ ਕਿਹਾ ਜਾਵੇਗਾ ਤਾਂ ਸੰਗਤ ਵਿਚ ਇਹ ਭੰਬਲਭੂਸਾ ਪੈਦਾ ਹੋ ਜਾਵੇਗਾ ਕਿ ਆਖ਼ਰ ਸੱਚ ਕੀ ਹੈ? ਠੀਕ ਕੌਣ ਹੈ ਗ਼ਲਤ ਕੌਣ?

ਇਸ ਪ੍ਰਕਾਰ ਦੀਆਂ ਗਹਿਰੀਆਂ ਚਾਲਾਂ ਦੇ ਤਹਿਤ ਹਥਿਆਰਬੰਦ ਸਿੱਖ ਸੰਘਰਸ਼ ਦਾ ਖ਼ਾਤਮਾ ਬਿਪਰ ਹਾਕਮਾਂ ਵੱਲੋਂ ਪੂਰੀ ਸਫ਼ਲਤਾ ਨਾਲ ਕਰ ਦਿੱਤਾ ਗਿਆ। ਪਰ ਚਾਣਕਿਆ ਦੀ ਔਲਾਦ ਬਿਪਰ ਚਾਣਕਿਆ ਨੀਤੀ ਅਤੇ ਚਾਣਕਿਆ ਸੂਤਰ ਰਾਹੀਂ ਦਰਸਾਏ ਮਾਰਗ ਦਰਸ਼ਨ ’ਤੇ ਚੱਲਦਿਆਂ ਸਿੱਖ ਸਿਧਾਂਤ ਨੂੰ ਵੀ ਪੂਰੀ ਤਰ੍ਹਾਂ ਖ਼ਤਮ ਕਰ ਦੇਣ ਲਈ ਤਤਪਰ ਹੈ, ਕਿਉਂਕਿ ਉਹ ਭਲੀ ਪ੍ਰਕਾਰ ਜਾਣਦਾ ਹੈ ਕਿ ਜਦ ਤਕ ਸਿੱਖ ਸਿਧਾਂਤ ਕਾਇਮ ਰਹੇਗਾ, ਸਿੱਖ ਸੰਘਰਸ਼ ਦੀ ਪੁਨਰ-ਸੁਰਜੀਤੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਬਿਪਰ ਆਪਣੇ ਪਿਛਲੇ ਦਸ ਹਜ਼ਾਰ ਸਾਲਾਂ ਦੇ ਇਤਿਹਾਸ ਅਤੇ ਅਨੁਭਵਨ ਤੋਂ ਇਹ ਭਲੀ ਪ੍ਰਕਾਰ ਸਿੱਖ ਚੁੱਕਿਆ ਹੈ ਕਿ ਸਰੀਰਕ ਅਤੇ ਸਿਧਾਂਤਕ ਸੰਘਰਸ਼ ਇਕ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ ਅਤੇ ਇਹ ਇਕ ਆਮ ਦੁਨਿਆਵੀਂ ਵਰਤਾਰਾ ਵੀ ਹੈ ਕਿ ਸੰਘਰਸ਼ਾਂ ਵਿਚ ਇਹ ਦੋਵੇਂ ਪਹਿਲੂ ਅੱਗੇ-ਪਿੱਛੇ, ਪਿੱਛੇ-ਅੱਗੇ ਅਤੇ ਕਈ ਵਾਰ ਦੋਵੇਂ ਇਕੱਠੇ ਵੀ ਤੁਰਦੇ ਹਨ।

ਸਿੱਖ ਸਿਧਾਂਤ ਨੂੰ ਤਹਿਸ ਨਹਿਸ ਕਰਨ ਦੀ ਯੋਜਨਾ ਤਹਿਤ ਬਿਪਰਵਾਦ ਨੇ ਸਿੱਖ ਸਿਧਾਂਤ ’ਤੇ ਆਰੀਆ ਸਮਾਜੀ, ਨਕਲੀ ਨਿਰੰਕਾਰੀ, ਨਾਮਧਾਰੀ, ਰਾਧਾ ਸੁਆਮੀ, ਆਰ.ਐਸ.ਐਸ. ਭਨਿਆਰਾ ਅਤੇ ਨੂਰਮਹਿਲੀਏ ਇਤਿਆਦਿ ਵਰਗੇ ਅਨੇਕਾਂ ਹਮਲੇ ਸਮੇਂ ਸਮੇਂ ਸਿਰ ਕੀਤੇ ਅਤੇ ਕਰ ਰਿਹਾ ਹੈ। ਪਰ ਸਾਰੇ ਹਮਲਿਆਂ ’ਚ ਉਸ ਨੂੰ ਕੋਈ ਗੰਭੀਰ ਪ੍ਰਾਪਤੀ ਜਾਂ ਅਸਲ ਉਦੇਸ਼ ਦੀ ਪੂਰਤੀ ਹੁੰਦੀ ਨਹੀਂ ਦਿਸੀ।

ਬਿਪਰ ਨੇ ਘੁਸਪੈਠ ਵਾਲੀ ਕੁਟਲ ਨੀਤੀ ਦੇ ਤਹਿਤ ਸਿਧਾਂਤਕ ਜੰਗ ਨੂੰ ਜਿੱਤਣ ਲਈ ਘੁਸਪੈਠੀਏ ਵਾੜ ਕੇ ਵਿਉਂਤਬੰਦੀ ਕੀਤੀ। ਇਸ ਵਿਉਂਤਬੰਦੀ ਤਹਿਤ ਉਸਨੂੰ ਸਿੱਖ ਭਾਵਨਾਵਾਂ ਗੁਰਮਤਿ, ਗੁਰਬਾਣੀ ਅਤੇ ਹੁਣ ਤਕ ਲਿਖੇ ਗਏ ਸਿੱਖ ਸਾਹਿਤ ਦੀ ਗਹਿਰੀ ਪੜਚੋਲ ਕਰਨੀ ਪਈ। ਇਸ ਪੜਚੋਲ ਕਾਰਜ ਵਿਚ ਉਸਨੂੰ ਸਿੱਖ ਵਿਦਵਾਨਾਂ ਦੇ ਛੋਟੇ-ਛੋਟੇ ਅਤੇ ਮਾਮੂਲੀ ਵਿਚਾਰਕ ਵਖਰੇਵਿਆਂ ਦਾ ਪਤਾ ਚੱਲਿਆ, ਜਿਸਦਾ ਕਿ ਪੂਰਾ ਫਾਇਦਾ ਲੈਣ ਦੀ ਯੋਜਨਾ ਤਹਿਤ ਉਸਨੇ ਸਿੱਖ ਸਿਧਾਂਤਕ ਸੰਘਰਸ਼ ਵਿਚ ਵਾੜੇ ਗਏ ਆਪਣੇ ਘੁਸਪੈਠੀਆਂ ਨੂੰ ਨਿਰਦੇਸ਼ ਦੇ ਕੇ ਇਨ੍ਹਾਂ ਮਾਮੂਲੀ ਵਿਚਾਰਕ ਵਖਰੇਵਿਆਂ ਨੂੰ ਵੱਡੇ ਝਗੜਿਆਂ ਦਾ ਰੂਪ ਦੇਣ ਦੀ ਕਾਰਵਾਈ ਆਰੰਭ ਕੀਤੀ। ਇਸੇ ਕਾਰਵਾਈ ਦੇ ਤਹਿਤ ਸਿੱਖ ਜਥੇਬੰਦੀਆਂ ਵਿਚ ਪ੍ਰਚਲਤ ਸਿੱਖ ਰਹਿਤ-ਬਹਿਤ ਦੇ ਛੋਟੇ-ਛੋਟੇ ਫ਼ਰਕਾਂ ਨੂੰ ਰਾਈ ਦਾ ਪਹਾੜ ਬਣਾ ਕੇ ਪੇਸ਼ ਕੀਤਾ ਗਿਆ। ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਜੱਦੋ-ਜਹਿਦ ਵਿਚ ਰੁਝੀਆਂ ਸਿੱਖ ਸੰਸਥਾਵਾਂ ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ, ਸਿੱਖ ਮਿਸ਼ਨਰੀ ਕਾਲਜ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੂੰ ਮੁੱਖ ਨਿਸ਼ਾਨੇ ਵਜੋਂ ਰੱਖਦਿਆਂ ਪਹਿਲਾਂ ਤਾਂ ਰਾਗ ਮਾਲਾ ਦਾ ਝਗੜਾ ਪਾ ਕੇ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਨੂੰ ਖ਼ੂਨੀ ਝੜਪਾਂ ਤਕ ਲਿਆ ਖੜ੍ਹਾ ਕੀਤਾ, ਫਿਰ ਮਾਸ ਦਾ ਝਗੜਾ ਪਾ ਕੇ ਮਿਸ਼ਨਰੀ ਵੀਰਾਂ, ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਵਿਚਕਾਰ ਜ਼ਹਿਰ ਦੇ ਬੀਜ ਬੀਜੇ ਗਏ। (ਹੁਣੇ ਹੀ ਵਾਪਰੀ ਤਾਜ਼ਾ ਘਟਨਾ, ਖ਼ਾਲਸਾ ਪੰਚਾਇਤ ਅਤੇ ਸ਼੍ਰੋਮਣੀ ਕਮੇਟੀ ਵਿਚਕਾਰ ਝਗੜੇ ਨੂੰ ਵੀ ਇਸੇ ਸੋਚ ਤਹਿਤ ਵਿਚਾਰਿਆ ਜਾਣਾ ਚਾਹੀਦਾ ਹੈ।) ਇਕ ਹੋਰ ਸੰਸਥਾ ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼ ਵਿਚ ਆਪਸੀ ਪੁਆੜਾ ਪਾ ਕੇ ਸੰਸਥਾ ਦੇ ਅਹਿਮ ਅਹੁਦੇ 'ਤੇ ਕਬਜ਼ੇ ਦਾ ਝਗੜਾ ਇਸੇ ਬਿਪਰਵਾਦੀ ਚਾਲ ਦਾ ਇਕ ਨਮੂਨਾ ਹੈ।

1978 ਤੋਂ 1993 ਤਕ ਜੁਝਾਰੂ ਨੌਜੁਆਨਾਂ ਦੇ ਸਰਕਾਰੀ ਬੁਚੜਖਾਨਿਆਂ ਵਿਚ ਇੰਟੈਰੋਗੇਸ਼ਨ ਤੋਂ ਪ੍ਰਾਪਤ ਅਤਿਅੰਤ ਸੂਖਮ ਨਤੀਜਿਆਂ ਨੇ ਬਿਪਰ ਨੂੰ ਇਹ ਸੁਝ ਦਿੱਤੀ ਕਿ ਸਿੱਖ ਹਿਰਦਿਆਂ ਵਿਚ ਸੱਚ ਧਰਮ ਦੀ ਭਾਵਨਾ ਭਰਨ ਪਿੱਛੇ ਸਿੱਖ ਧਰਮ ਨੂੰ ਸਮਰਪਿਤ ਸੰਸਥਾਵਾਂ ਕੰਮ ਕਰ ਰਹੀਆਂ ਹਨ। ਆਪਣੇ ਹੀ ਦੁਆਰਾ ਕੀਤੇ ਗਏ ਜ਼ੁਲਮਾਂ ਅਤੇ ਪਾਪਾਂ ਦੀ ਅੰਤਰਭਾਵਨਾ ਤੋਂ ਭੈਭੀਤ ਬਿਪਰ, ਸਿੱਖ ਜਗਤ ਵਿਚ ਇਨ੍ਹਾਂ ਸੰਸਥਾਵਾਂ ਦੀ ਹਰ ਪ੍ਰਕਾਰ ਬਦਖੋਈ ਕਰਨ ਲਈ ਆਪਣੇ ਘੁਸਪੈਠੀਆਂ ਰਾਹੀਂ ਕੰਮ ਕਰ ਰਿਹਾ ਹੈ। ਜਿਸ ਪ੍ਰਕਾਰ ਜੁਝਾਰੂ ਸਫ਼ਾਂ ਵਿਚ ਬੈਠੇ ਘੁਸਪੈਠੀਆਂ ਦਾ ਪਤਾ ਸਿੱਖ ਜਗਤ ਨੂੰ ਬਹੁਤ ਬਾਅਦ ਵਿਚ ਜਾ ਕੇ ਲੱਗਾ, ਉਸ ਪ੍ਰਕਾਰ ਸਿੱਖ ਸਿਧਾਂਤਕ ਸੰਘਰਸ਼ ਵਿਚ ਘੁਸਪੈਠ ਕਰ ਚੁੱਕੀਆਂ ਕਾਲੀਆਂ ਬਿੱਲੀਆਂ ਦਾ ਪਤਾ ਸਿੱਖ ਜਗਤ ਨੂੰ ਬਹੁਤ ਦੇਰੀ ਨਾਲ ਲੱਗਣਾ ਆਰੰਭ ਹੋਇਆ ਹੈ। ਇਨ੍ਹਾਂ ਕਾਲੀਆਂ ਬਿੱਲੀਆ ਦਾ ਸਿਰਮੌਰ ਸਰਦਾਰ ਬਣਿਆ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ, ਹੁਣ ਸਿੱਖ ਜਗਤ ਦੀ ਨਿਗਾਹ ਵਿਚ ਭਲੀ ਪ੍ਰਕਾਰ ਚੜ੍ਹ ਚੁੱਕਿਆ ਹੈ। ਕਾਲਾ ਅਫ਼ਗਾਨਾ ਦੀਆਂ ਲਿਖਤਾਂ ਜਦ ਆਰੰਭ ਵਿਚ ਸਿੱਖ ਸੰਗਤਾਂ ਦੇ ਹੱਥਾਂ ਤਕ ਪਹੁੰਚੀਆਂ ਤਾਂ ਸਾਧਾਰਨ ਸਿੱਖ ਪਾਠਕਾਂ ਲਈ ਇਹ ਕਲਪਨਾ ਕਰ ਪਾਉਣਾ ਵੀ ਮੁਸ਼ਕਿਲ ਸੀ ਕਿ ਇਹ ਲਿਖਤਾਂ ਭਵਿੱਖ ਵਿਚ ਸਿੱਖ ਸਿਧਾਂਤ, ਸਿੱਖ ਰਹਿਤ ਮਰਿਯਾਦਾ ਅਤੇ ਸਿੱਖ ਜੀਵਨ ਜਾਚ ਨੂੰ ਤਹਿਸ-ਨਹਿਸ ਕਰਨ ਦੀ ਸਾਜਸ਼ ਦੇ ਤਹਿਤ ਹੀ ਲਿਖੀਆਂ ਜਾ ਰਹੀਆਂ ਹਨ। ਭੋਲੇ ਭਾਲੇ ਅਤੇ ਸਾਦਗੀ ਭਰਪੂਰ ਸੁਭਾਅ ਦੇ ਮਾਲਕ ਆਮ ਸਿੱਖ ਵੈਸੇ ਵੀ ਬਹੁਤੀ ਵਾਰ ਲੱਫੇਦਾਰ ਗੱਲਾਂ ਵਿਚ ਆ ਜਾਂਦੇ ਹਨ। ਸੋ ਆਮ ਸਿੱਖਾਂ ਵਿਚੋਂ ਕੁਝ ਲੋਕਾਂ ਦਾ ਕਾਲਾ ਅਫ਼ਗਾਨਾ ਦੀਆਂ ਲਿਖਤਾਂ ਪੜ੍ਹ ਕੇ ਪ੍ਰਭਾਵਿਤ ਹੋ ਜਾਣ ਨੂੰ ਕੋਈ ਬਹੁਤ ਅਣਹੋਣੀ ਗੱਲ ਨਹੀਂ ਕਿਹਾ ਜਾ ਸਕਦਾ, ਪਰ ਜਦ ਸਿੱਖ ਪੰਥ ਦੀਆਂ ਅਹਿਮ ਸੰਸਥਾਵਾਂ ਅਤੇ ਪਦਵੀਆਂ 'ਤੇ ਬੈਠੇ ਲੋਕ, ਵਿਦਵਾਨ, ਸੂਝਵਾਨ, ਬੁੱਧੀਜੀਵੀ ਅਤੇ ਜ਼ਿੰਮੇਵਾਰ ਸਮਝੇ ਜਾਣ ਵਾਲੇ ਲੋਕ ਕਾਲਾ ਅਫ਼ਗਾਨਾ ਦੇ ਹੱਕ ਵਿਚ ਖੜ੍ਹਦੇ ਹਨ ਤਾਂ ਸਿੱਖ ਮਨਾਂ ਨੂੰ ਇਕ ਭਿਆਨਕ ਝਟਕਾ ਲੱਗਣਾ ਸੁਭਾਵਕ ਹੈ।

ਅੱਜ ਤਾਂ ਆਮ ਸਿੱਖ ਵੀ ਭਲੀ ਪ੍ਰਕਾਰ ਜਾਣਦਾ ਹੈ ਕਿ ਬਿਪਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਸਥੂਲ ਇਮਾਰਤ ਨੂੰ ਢਹਿ-ਢੇਰੀ ਕਰਨ ਵਿਚ ਅਸਫ਼ਲ ਹੋਣ ਤੋਂ ਬਾਅਦ ਹੁਣ ਖਿੱਝ ਕੇ ਇਨ੍ਹਾਂ ਦੀ ਪਾਕੀਜ਼ਗੀ, ਮਰਯਾਦਾ ਅਤੇ ਸਰਵਉੱਚਤਾ ਨੂੰ ਨਸ਼ਟ ਕਰਨਾ ਚਾਹੁੰਦਾ ਹੈ। ਸਿੱਖ ਜਗਤ ਦਾ ਬੱਚਾ ਬੱਚਾ ਜਾਣਦਾ ਹੈ ਕਿ ਪੰਥ ਦੀ ਚੜ੍ਹਦੀ ਕਲਾ ਹਿਤ ਕੁਰਬਾਨੀ ਕਰਨ ਵਾਲੀਆਂ ਜਥੇਬੰਦੀਆਂ ਕਿਹੜੀਆਂ ਹਨ ਅਤੇ ਉਨ੍ਹਾਂ ਜਥੇਬੰਦੀਆਂ ਦੀ ਵਿਚਾਰਧਾਰਾ, ਸੋਚ ਅਤੇ ਸ਼ਕਤੀ ਸਰੋਤ ਕੀ ਹੈ। ਪਰ ਪਤਾ ਨਹੀਂ ਕਿਉਂ ਸਾਡੇ ਆਪਣੇ ਹੀ ਕੁਝ ਬੁੱਧੀਜੀਵੀ ਸਮਝੇ ਜਾਂਦੇ ਸਤਿਕਾਰਤ ਸੱਜਣ ਇਹ ਨਹੀਂ ਸਮਝ ਪਾ ਰਹੇ। ਆਮ ਸਿੱਖ ਦੇ ਮਨ ਵਿਚ ਹਰ ਉਸ ਵਿਅਕਤੀ ਪ੍ਰਤੀ ਭਾਵੁਕਤਾ, ਸ਼ਰਧਾ ਅਤੇ ਪਿਆਰ ਹੈ, ਜਿਸ ਬਾਰੇ ਉਹ ਸਮਝਦਾ ਹੈ ਕਿ ਇਸ ਨੇ ਪੰਥ ਲਈ ਕੋਈ ਵੀ ਕੁਰਬਾਨੀ ਕੀਤੀ ਹੈ। ਸਿੱਖ ਸੰਗਤਾਂ ਦੀਆਂ ਅਜਿਹੀਆਂ ਹੀ ਭਾਵਨਾਵਾਂ ਭਾਰਤ ਸਰਕਾਰ ਦੇ ਨੌਕਰਸ਼ਾਹ (ਸਾਬਕਾ) ਸ. ਗੁਰਤੇਜ ਸਿੰਘ ਪ੍ਰਤੀ ਵੀ ਹਨ ਕਿਉਂਕਿ ਸਿੱਖ ਸੰਗਤਾਂ ਸੋਚਦੀਆਂ ਹਨ ਕਿ ਉਨ੍ਹਾਂ ਨੇ ਧਰਮ ਯੁੱਧ ਮੌਕੇ ਅਸਤੀਫਾ ਦੇ ਕੇ ਪੰਥ ਲਈ ਕੁਰਬਾਨੀ ਕੀਤੀ ਹੈ।

ਸ. ਗੁਰਤੇਜ ਸਿੰਘ ਰਚਿਤ ਪੁਸਤਕ 'ਸਿੰਘ ਨਾਦ' ਵਿਚ ਉਨ੍ਹਾਂ ਵੱਲੋਂ ਆਪਣੀਆਂ ਪੁਸਤਕਾਂ ਦੀ ਦਿੱਤੀ ਸੂਚੀ ਅਨੁਸਾਰ ਉਨ੍ਹਾਂ ਦੀ ਸਿੱਖ ਧਰਮ ਬਾਰੇ ਕੋਈ ਪੁਸਤਕ ਉਨ੍ਹਾਂ ਨੂੰ 'ਪ੍ਰੋਫੈਸਰ ਆਫ਼ ਸਿੱਖਇਜ਼ਮ' ਦੀ ਉਪਾਧੀ ਮਿਲਣ ਤੋਂ ਪਹਿਲਾਂ ਪ੍ਰਕਾਸ਼ਤ ਨਹੀਂ ਸੀ ਹੋਈ। ਸੋ ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਸਿੱਖ ਧਰਮ, ਗੁਰਮਤਿ ਅਤੇ ਸਿੱਖ ਇਤਿਹਾਸ ਬਾਰੇ ਬਹੁਤ ਉੱਚ ਕੋਟੀ ਦੇ ਵਿਦਵਾਨ ਜਾਂ ਬੁੱਧੀਜੀਵੀ ਹੋਣ ਕਾਰਨ ਉਨ੍ਹਾਂ ਨੂੰ 'ਪ੍ਰੋਫੈਸਰ ਆਫ਼ ਸਿੱਖਇਜ਼ਮ' ਦੀ ਉਪਾਧੀ ਦਿੱਤੀ ਗਈ ਹੋਵੇਗੀ।

ਦਾਸ ਦੀ ਨਿਮਾਣੀ ਸਮਝ ਮੁਤਾਬਕ ਉਨ੍ਹਾਂ ਨੂੰ ਇਹ ਉਪਾਧੀ ਸਿੱਖ ਭਾਵਨਾਵਾਂ ਅਤੇ ਉਸ ਪਿਆਰ ਦੇ ਇਨਾਮ ਵਜੋਂ ਮਿਲੀ ਸੀ ਜੋ ਉਨ੍ਹਾਂ ਦੇ ਅਸਤੀਫੇ ਦੀ ਖ਼ਬਰ ਤੋਂ ਉਪਜਿਆ ਸੀ। ਜੇ ਉਨ੍ਹਾਂ ਦੀ ਕੋਈ ਲਿਖਤ ਇਸ ਉਪਾਧੀ ਤੋਂ ਪਹਿਲਾਂ ਵੀ ਪ੍ਰਕਾਸ਼ਤ ਹੋਈ ਸੀ ਤਾਂ ਉਹ ਵੀ ਉਨ੍ਹਾਂ ਨੂੰ ਦਿੱਤੀ ਗਈ ਇਤਨੀ ਵੱਡੀ ਉਪਾਧੀ ਦਾ ਕਾਰਨ ਨਹੀਂ ਸੀ ਬਣ ਸਕਦੀ। ਹੁਣ ਸ. ਕਾਲਾ ਅਫ਼ਗਾਨਾ ਜੀ ਦੇ ਵਕੀਲ ਵਜੋਂ ਉਨ੍ਹਾਂ ਦਾ ਜੋ ਨਵਾਂ ਚਿਹਰਾ ਸਿੱਖ ਜਗਤ ਦੇ ਸਾਹਮਣੇ ਆਇਆ ਹੈ ਉਸ ਨੇ ਆਮ ਸਿੱਖ ਨੂੰ ਹੈਰਾਨੀ ਦੇ ਆਲਮ ਵਿਚ ਲਿਆ ਖੜ੍ਹਾ ਕੀਤਾ ਹੈ। ਮਾਮਲਾ ਸਿਰਫ਼ ਕਾਲਾ ਅਫ਼ਗਾਨਾ ਤਕ ਹੀ ਸੀਮਤ ਹੁੰਦਾ ਗਨੀਮਤ ਸੀ, ਪਰ ਕਾਲਾ ਅਫ਼ਗਾਨਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬੰਦਸ਼ ਵਿਚ ਆਉਣ ਤੋਂ ਰੋਕਣ ਲਈ 27-12-2002 ਨੂੰ ਆਪਣੇ ਪੰਜ ਹੋਰ ਸਾਥੀਆਂ ਸਮੇਤ ਉਨ੍ਹਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਲਿਖੇ ਗਏ ਪੱਤਰ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹੁਕਮਨਾਮਾ ਕਰਨ ਦੀ ਸਮਰੱਥਾ ਨੂੰ ਚੁਣੌਤੀ ਦੇ ਦਿੱਤੇ ਜਾਣ ਨੇ ਆਮ ਸਿੱਖ ਦੇ ਦਿਮਾਗ ਨੂੰ ਹੋਰ ਠਣਕਾਇਆ ਹੈ। ਆਮ ਸਿੱਖ ਇਥੋਂ ਤਕ ਸੋਚਣ ਲੱਗ ਪਏ ਹਨ ਕਿ ਸ. ਗੁਰਤੇਜ ਸਿੰਘ ਜੀ ਆਪਣੇ ਨੌਕਰਸ਼ਾਹ ਹੋਣ ਦੇ ਫਾਇਦੇ, ਜਿਵੇਂ ਪੈਨਸ਼ਨ ਅਤੇ ਹੋਰ ਸੁਵਿਧਾਵਾਂ ਆਦਿ ਵੀ ਕਿਧਰੇ ਪ੍ਰਾਪਤ ਤਾਂ ਨਹੀਂ ਕਰ ਰਹੇ? ਸ. ਗੁਰਤੇਜ ਸਿੰਘ ਅਤੇ ਸਾਥੀਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖੇ ਗਏ ਪੱਤਰ ਤੋਂ ਇਲਾਵਾ ਉਨ੍ਹਾਂ ਵੱਲੋਂ ਨਿੱਜੀ ਤੌਰ 'ਤੇ ਸ. ਕਾਲਾ ਅਫ਼ਗਾਨਾ ਦੇ ਵਕੀਲ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖੇ ਦੋ ਪੱਤਰ ਉਨ੍ਹਾਂ ਵੱਲੋਂ ਆਪ ਹੀ ਸਿੱਖ ਜਗਤ ਦੀ ਜਾਣਕਾਰੀ ਲਈ ਪ੍ਰਕਾਸ਼ਤ ਕਰਵਾਏ ਜਾ ਚੁੱਕੇ ਹਨ। ਇਨ੍ਹਾਂ ਤਿੰਨੇ ਪੱਤਰਾਂ ਦਾ ਵਿਸ਼ਾ-ਵਸਤੂ ਸ. ਗੁਰਤੇਜ ਸਿੰਘ ਜੀ ਪ੍ਰਤੀ ਕੁਝ ਬੇਨਤੀਆਂ ਅਤੇ ਕੁਝ ਸਵਾਲ ਪ੍ਰਗਟ ਕਰਨ ਨੂੰ ਮਜ਼ਬੂਰ ਕਰਦਾ ਹੈ:

1. 27-12-2002 ਵਾਲੇ ਪੱਤਰ ਵਿਚ ਆਪਣੇ ਪੰਜ ਹੋਰ ਸਾਥੀਆਂ ਨਾਲ ਮਿਲ ਕੇ ਉਹ ਲਿਖਦੇ ਹਨ ਕਿ *"ਸਾਡੀ ਸਨਿਮਰ ਬੇਨਤੀ ਹੈ ਕਿ ਸਿੱਖ ਲਈ 'ਹੁਕਮਨਾਮਾ' ਅੱਜ ਦੇ ਹਾਲਾਤ ਵਿਚ ਕੇਵਲ ਗੁਰਬਾਣੀ ਵਿਚੋਂ ਲਿਆ 'ਵਾਕ' ਹੀ ਹੋ ਸਕਦਾ ਹੈ, ਮਨੁੱਖਾਂ ਦਾ ਕੋਈ ਫੈਸਲਾ, ਆਦੇਸ਼ ਜਾਂ ਲਿਖਤ ਹੁਕਮਨਾਮਾ ਨਹੀਂ ਹੋ ਸਕਦਾ। ਅਕਾਲ ਤਖ਼ਤ ਉੱਤੇ ਬੈਠ ਕੇ ਲਿਖਣ ਨਾਲ ਕੋਈ ਲਿਖਤ 'ਹੁਕਮਨਾਮਾ' ਨਹੀਂ ਬਣ ਜਾਂਦੀ। ਨਾ ਹੀ ਪੰਜ ਸਿੰਘ ਸਾਹਿਬਾਨ ਦੇ ਦਸਤਖ਼ਤ ਕਿਸੇ ਲਿਖਤ ਨੂੰ 'ਹੁਕਮਨਾਮਾ' ਬਣਾ ਸਕਦੇ ਹਨ। ਸਿੱਖ ਲਈ ਕੇਵਲ ਗੁਰੂ ਦਾ ਹੁਕਮ ਹੀ 'ਹੁਕਮਨਾਮਾ' ਹੈ ਤੇ ਸਿੱਖਾਂ ਦਾ ਗੁਰੂ ਕੇਵਲ ਗੁਰੂ ਗ੍ਰੰਥ ਸਾਹਿਬ ਹੈ, ਹੋਰ ਕੋਈ ਨਹੀਂ।....।"*

ਉਨ੍ਹਾਂ ਦੀ ਇਸ ਲਿਖਤ ਤੋਂ ਸਪੱਸ਼ਟ ਹੈ ਕਿ ਉਹ 'ਹੁਕਮ' ਸਿਰਫ਼ ਗੁਰੂ ਸਾਹਿਬ ਦਾ ਮੰਨ ਕੇ ਰਾਜ਼ੀ ਹਨ, ਕਿਸੇ ਵਿਅਕਤੀ ਦਾ ਨਹੀਂ ਜੇ ਉਹ ਕਿਸੇ ਵਿਅਕਤੀ ਦਾ ਹੁਕਮ ਮੰਨਦੇ ਹਨ ਤੇ ਨਿਸ਼ਚਿਤ ਤੌਰ 'ਤੇ ਉਹ ਉਸ ਵਿਅਕਤੀ ਨੂੰ 'ਗੁਰੂ ਤੁੱਲ' ਜਾਂ 'ਗੁਰੂ' ਮੰਨਦੇ ਹੋਣਗੇ। ਹੁਣ ਦੇਖੀਏ ਕਿ ਕਾਲਾ ਅਫ਼ਗਾਨਾ ਦੀ ਪੈਰਵੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਬਤੌਰ ਵਕੀਲ (ਕਾਲਾ ਅਫ਼ਗਾਨਾ) ਉਨ੍ਹਾਂ ਵੱਲੋਂ ਲਿਖੇ ਗਏ ਪੱਤਰਾਂ ਦਾ ਪਹਿਲਾ ਪੈਰਾ ਕੀ ਹੈ? ਸ. ਗੁਰਤੇਜ ਸਿੰਘ ਲਿਖਦੇ ਹਨ ਕਿ, *"ਆਪ ਜੀ ਦਾ ਪੱਤਰ ਮਿਤੀ 23-12-2002 ਪ੍ਰਾਪਤ ਕਰਕੇ ਭਾਈ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਜੀ ਨੇ ਮੈਨੂੰ ਆਪਦੇ ਆਦੇਸ਼ਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਹਾਜ਼ਰ ਹੋ ਕੇ ਉਨ੍ਹਾਂ ਦੀਆਂ ਪੁਸਤਕਾਂ ਵਿਚ ਇਤਰਾਜ਼ਯੋਗ ਸਮਝੀਆਂ ਗਈਆਂ ਕੁਝ ਪੰਕਤੀਆਂ ਦਾ ਸਪਸ਼ਟੀਕਰਨ ਦੇਣ ਦਾ '**ਹੁਕਮ**' ਦਿੱਤਾ ਹੈ।......"* ਅੰਦਰ ਉਪਜੀ ਇਕ ਆਹ ਅਤੇ ਹੰਝੂਆਂ ਭਰੀ ਹਿਰਦੇਵੇਦਕ ਚੀਖ ਤੋਂ ਉਪਜਿਆ ਪ੍ਰਸ਼ਨ ਸ. ਗੁਰਤੇਜ ਸਿੰਘ ਪ੍ਰਤੀ ਪੁਛਣਾ ਲਾਜ਼ਮੀ ਹੈ ਕੀ ਸ. ਗੁਰਤੇਜ ਸਿੰਘ ਸ. ਕਾਲਾ ਅਫ਼ਗਾਨਾ ਨੂੰ 'ਗੁਰੂ' ਸਮਝਦੇ ਹਨ ਜਾਂ 'ਗੁਰੂ ਤੁੱਲ'? ਕਿਸੇ ਵੀ ਵਿਅਕਤੀ ਪ੍ਰਤੀ ਉਪਜੀ ਇਤਨੀ ਅੰਧ-ਸ਼ਰਧਾ, ਕੀ ਵਿਅਕਤੀਵਾਦ ਅਤੇ ਦੇਹਧਾਰੀ ਗੁਰੂ ਡੰਮ ਵਾਲਾ ਰੁਝਾਨ ਨਹੀਂ?

2.) 27-12-2002 ਵਾਲੇ ਇਸ ਸਾਂਝੇ ਪੱਤਰ ਨਾਲ ਭਾਈ ਵੀਰ ਸਿੰਘ ਜੀ ਦੀ ਲਿਖਤ ਦਾ ਹਵਾਲਾ ਨੱਥੀ ਕੀਤਾ ਗਿਆ ਹੈ। ਇਸ ਹਵਾਲੇ ਵਿਚ ਲਿਖਿਆ ਹੈ ਕਿ, *"ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨੀ ਦਰਵਾਜ਼ੇ ਅਰ ਅਕਾਲ ਬੁੰਗੇ (ਤਖ਼ਤ) ਸਾਹਿਬ ਦੇ ਵਿਚਕਾਰ ਜੋ ਵੱਡਾ ਮੈਦਾਨ ਹੈ, ਇਸ ਟਿਕਾਣੇ ਪਹਿਲੇ ਸਮਿਆਂ ਵਿਚ ਇਕ ਬੁੰਗਾ ਹੁੰਦਾ ਸੀ, ਜਿਸ ਨੂੰ ਤੋਸ਼ੇਖਾਨੇ ਦਾ ਬੁੰਗਾ ਕਹਿੰਦੇ ਸਨ। ਇਸ ਬੁੰਗੇ ਦੀ ਹੋਂਦ ਅਕਾਲ ਬੁੰਗੇ (ਤਖ਼ਤ) ਦੇ ਅਗਲੇ ਮੈਦਾਨ ਨੂੰ ਇਕ ਐਸੀ ਸ਼ਕਲ ਦੇ ਦਿੰਦੀ ਸੀ ਕਿ ਇਥੇ ਗੁਪਤ ਮਸ਼ਵਰੇ ਦਾ ਦੀਵਾਨ ਲੱਗ ਸਕੇ। ਇਸੇ ਕਰਕੇ ਗੁਰਮਤਾ ਇਥੇ ਹੁੰਦਾ ਸੀ। ਚਾਰ ਚੁਫੇਰੇ ਰਸਤੇ ਬੰਦ ਹੁੰਦੇ ਸਨ ਅਤੇ ਦਰਵਾਜ਼ਿਆਂ 'ਤੇ ਪਹਿਰੇ ਹੁੰਦੇ ਸਨ। ਅੰਦਰ ਕੇਵਲ ਉਹ ਜਾ ਸਕਦੇ ਹਨ , ਜੋ ਸੱਚੇ ਹੁੰਦੇ ਸਨ। ਪਹਿਰੇਦਾਰਾਂ ਨੂੰ ਇਕ ਐਸਾ ਬੋਲਾ (ਬੋਲ) ਪਤਾ ਹੁੰਦਾ ਸੀ। ਜਿਸ ਨੂੰ ਬੋਲ ਕੇ ਹੀ ਕੋਈ ਸੱਜਣ ਗੁਰਮਤੇ ਵਿਚ ਸ਼ਾਮਲ ਹੋ ਸਕਦਾ ਸੀ। ਜੋ ਨਾ ਦੱਸ ਸਕੇ, ਉਹ ਅੰਦਰ ਨਹੀਂ ਜਾ ਸਕਦਾ ਸੀ। ਬੋਲਾ ਅਕਾਲ ਬੁੰਗਾ (ਤਖ਼ਤ) ਸਾਹਿਬ ਦੇ ਜਥੇਦਾਰ ਨੀਯਤ ਕਰਦੇ ਸਨ।"*

ਪਿੱਛੇ ਦੱਸ ਆਏ ਹਾਂ ਕਿ ਜਥੇਦਾਰ ਦਾ ਇਕ ਕੰਮ ਇਹ ਹੁੰਦਾ ਸੀ ਕਿ ਜਦੋਂ ਕੋਈ ਜਥੇਦਾਰ ਕੋਈ ਪੰਥਕ ਔਕੜ ਦੱਸ ਘੱਲੇ ਤਾਂ ਇਨ੍ਹਾਂ ਨੇ 'ਗੁਰਮਤਾ' ਸੱਦਣਾ। 'ਗੁਰਮਤਾ' ਨਾਮ ਸੀ ਪੰਥ ਦੀ ਸ਼੍ਰੋਮਣੀ ਜਥੇਬੰਦੀ ਦਾ। ਉਸ ਦਾ ਤਰੀਕਾ ਇਹ ਹੁੰਦਾ ਸੀ ਕਿ ਅਕਾਲ ਬੁੰਗੇ ਦੇ ਅਕਾਲੀ, ਪੰਥ ਦੇ ਸਾਰੇ ਜਥੇਦਾਰਾਂ ਤੇ ਜਿੰਮੇਵਾਰ ਸਰਦਾਰਾਂ, ਗੁੰਥੀਆਂ ਤੇ ਪ੍ਰਸਿੱਧ ਧਾਰਮਿਕ ਬਜ਼ੁਰਗੀ ਵਾਲਿਆਂ ਤੇ ਹੋਰ ਜ਼ਰੂਰੀ ਸਿੱਖਾਂ ਨੂੰ ਸੱਦਿਆ ਕਰਦੇ ਸਨ। ਨੀਯਤ ਸਮੇਂ 'ਤੇ ਸਭ ਨੇ ਆ ਹਾਜ਼ਰ ਹੋਣਾ। ਜੇ ਕਦੇ ਦੋ ਸਿੱਖ ਜਥੇ ਆਪੋ ਵਿਚ ਲੜ ਵੀ ਰਹੇ ਹੋਣ (ਜੋ ਮਿਸਲਾਂ ਦੇ ਸਮੇਂ ਦੀ ਗੱਲ ਹੈ) ਤਾਂ ਗੁਰਮਤੇ ਦਾ ਸੱਦਾ ਪਹੁੰਚਦੇ ਸਾਰ ਲੜਾਈ ਬੰਦ ਕਰਕੇ ਦੋਵੇਂ ਟੁਰ ਪੈਣਗੇ। ਰਸਤੇ ਵਿਚ ਜਾਂ ਗੁਰਦੁਆਰੇ ਅੱਪੜ ਕੇ ਆਪੋ ਵਿਚ ਕੋਈ ਬਦਲਾ ਨਹੀਂ ਲੈਣਗੇ, ਇਕ ਦੂਜੇ 'ਤੇ ਵਾਰ ਨਹੀਂ ਕਰਨਗੇ। ਗੁਰਮਤੇ ਦੇ ਨੀਯਤ ਸਮੇਂ ਅਕਾਲ ਬੁੰਗੇ ਦੇ ਹਜ਼ੂਰ ਸਭ ਪਾਸੇ ਤੋਂ ਰਸਤੇ ਬੰਦ। ਮੈਦਾਨ ਵਿਚ ਦੀਵਾਨ ਸਜਦਾ, ਕੀਰਤਨ ਹੋ ਕੇ 'ਹੁਕਮ' ਲਿਆ ਜਾਂਦਾ। ਫਿਰ ਕੜਾਹ ਪ੍ਰਸ਼ਾਦਿ ਵਰਤਦਾ, ਸਾਰੇ ਛਕਦੇ। ਚਾਹੇ ਕਿਸੇ ਜਾਤ, ਕਿਸੇ ਮਜ਼ਹਬ 'ਤੇ ਕਿਸੇ ਕੌਮ ਤੋਂ ਸਜੇ ਹੋਏ ਸਿੱਖ ਹੋਣ, ਜੋ ਗੁਰਮਤੇ ਵਿਚ ਸ਼ਾਮਿਲ ਹੁੰਦੇ, ਉਹ ਸਾਰੇ ਉਸ ਵੇਲੇ ਇਕੱਠੇ ਛਕਦੇ। ਫਿਰ ਅਕਾਲੀ ਜਥੇਦਾਰ ਸਿੰਘ ਅਰਦਾਸਾ ਸੋਧਦਾ। ਇਸ ਤੋਂ ਮਗਰੋਂ ਹਰੇਕ ਆਇਆ ਸੱਜਣ ਉਠ ਕੇ ਅਕਾਲੀ ਜਥੇਦਾਰ ਦੇ ਸਨਮੁਖ ਹੋ ਆਖਦਾ ਕਿ 'ਮੈਂ ਸੱਚੇ ਸਤਿਗੁਰੂ ਦੀ ਹਜ਼ੂਰੀ ਵਿਚ ਪੰਥ ਦੇ ਸਾਂਝੇ ਭਲੇ ਲਈ ਆਇਆ ਹਾਂ। ਮੇਰਾ ਨਿੱਜ ਦਾ ਹਾਨ-ਲਾਭ, ਕੋਈ ਲੋਭ ਲਾਲਚ, ਮੇਰੇ ਰਸਤੇ ਵਿਚ, ਮੇਰੀਆਂ ਵਿਚਾਰਾਂ ਵਿਚ ਕੋਈ ਖੋਟ, ਕੋਈ ਰਲਾ ਨਹੀਂ ਪਾਉਣਗੇ।' ਇਸ ਪ੍ਰਤਿਗਿਆ ਦੇ ਮਗਰੋਂ ਫਿਰ ਅਰਦਾਸ ਸੋਧ ਕੇ ਕਾਰਜ ਆਰੰਭ ਹੁੰਦਾ। ਵਿਚਾਰਾਂ ਹੋ ਕੇ ਜੋ ਮਤਾ ਸੁਧ ਜਾਂਦਾ, ਅਰਥਾਤ ਫੈਸਲਾ ਹੋ ਜਾਂਦਾ, ਉਹ ਅਕਾਲੀ ਜਥੇਦਾਰ ਸਭ ਨੂੰ ਸੁਣਾ ਦੇਂਦਾ। ਫਿਰ ਸਾਰੇ ਆਪੋ-ਆਪਣੇ ਥਾਂ ਟੁਰ ਜਾਂਦੇ। ਅਕਾਲੀਆਂ ਦਾ ਪਵਿੱਤਰ ਜੀਵਨ, ਨਾਮ ਦਾ ਸੱਚ ਤੇ ਬੇਗਰਜ਼ੀ ਐਸੇ ਗੁਣ ਸਨ ਕਿ ਜਿਸ ਦੇ ਅੱਗੇ ਪੰਥ ਦੇ ਸਾਰੇ ਫ਼ਰਦ ਝੁਕਦੇ ਅਰ ਬੇਵੱਸੇ ਝੁਕਦੇ ਸੀ। ਫ਼ੌਜ ਤੇ ਤੋਪਾਂ ਵਾਲੇ ਜਥੇ ਇਨ੍ਹਾਂ ਪੰਛੀ (ਬਿਹੰਗਮ) ਬਿਰਤੀ ਵਾਲਿਆਂ ਦੇ ਆਖੇ ਅੱਗੇ ਸਿਰ ਝੁਕਾਉਂਦੇ ਸਨ। ਇਹ ਕਦੇ ਨਹੀਂ ਸੀ ਹੋਇਆ ਕਿ ਗੁਰਮਤੇ ਵਿਚ ਹੋਏ ਫੈਸਲੇ ਦੇ ਵਿਰੁੱਧ ਕੋਈ ਟੁਰੇ। ਇਸ ਗੁਰਮਤੇ ਦੀ ਮਰਿਯਾਦਾ ਦਾ ਮੁੱਢ ਚਮਕੌਰ ਵਿਚ ਹੋਇਆ, ਮਾਨੋ ਪਹਿਲਾਂ ਗੁਰਮਤਾ ਉਸ ਕਸ਼ਟ ਵੇਲੇ ਹੋਇਆ ਤੇ ਹਜ਼ੂਰ ਸਾਹਿਬ ਸਤਿਗੁਰਾਂ ਨੇ ਸਿੰਘਾਂ ਨੂੰ ਇਸ ਦੀ ਪੂਰੀ ਜਾਚ ਸਿਖਾਈ।"

*(ਹਵਾਲਾ ਭਾਈ ਵੀਰ ਸਿੰਘ)*

ਜੇ ਸ. ਗੁਰਤੇਜ ਸਿੰਘ ਜੀ ਭਾਈ ਵੀਰ ਸਿੰਘ ਜੀ ਦੀ ਲਿਖਤ ਦੇ ਇਸ ਹਵਾਲੇ ਪ੍ਰਤੀ ਸੁਹਿਰਦ ਅਤੇ ਪ੍ਰਤੀਬੱਧ ਹਨ ਤਾਂ ਉਨ੍ਹਾਂ ਨੂੰ ਇਹ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਅਕਾਲ ਤਖ਼ਤ ਦਾ ਜਥੇਦਾਰ ਕਾਲਾ ਅਫ਼ਗਾਨਾ ਅਤੇ ਉਸਦੇ ਵਕੀਲ ਨੂੰ ਸੁਣੇ ਬਗੈਰ ਹੀ ਪੰਥਕ ਜਥੇਬੰਦੀਆਂ ਨਾਲ 'ਗੁਰਮਤਾ' ਕਰ ਸ. ਕਾਲਾ ਅਫ਼ਗਾਨਾ ਪ੍ਰਤੀ ਫੈਸਲਾ ਕਰਨ ਦਾ ਅਧਿਕਾਰ ਰੱਖਦਾ ਹੈ। ਕਿਉਂਕਿ ਉਨ੍ਹਾਂ ਵੱਲੋਂ ਆਪ ਹੀ ਸ੍ਰੀ ਅਕਾਲ ਤਖ਼ਤ ਵੱਲ ਭੇਜੇ ਗਏ ਇਸ ਹਵਾਲੇ ਵਿਚ ਸਪਸ਼ਟ ਲਿਖਿਆ ਹੈ ਕਿ, *"ਚਾਰ ਚੁਫੇਰੇ ਰਸਤੇ ਬੰਦ ਹੁੰਦੇ ਸਨ ਅਤੇ ਦਰਵਾਜ਼ਿਆਂ 'ਤੇ ਪਹਿਰੇ ਹੁੰਦੇ ਸਨ। ਅੰਦਰ ਕੇਵਲ ਉਹ ਜਾ ਸਕਦੇ ਸਨ, ਜੋ ਸੱਦੇ ਹੁੰਦੇ ਸਨ। ਪਹਿਰੇਦਾਰਾਂ ਨੂੰ ਇਕ ਐਸਾ ਬੋਲਾ (ਬੋਲ) ਪਤਾ ਹੁੰਦਾ ਸੀ। ਜਿਸ ਨੂੰ ਬੋਲ ਕੇ ਹੀ ਕੋਈ ਸੱਜਣ ਗੁਰਮਤੇ ਵਿਚ ਸ਼ਾਮਲ ਹੋ ਸਕਦਾ ਸੀ। ਜੋ ਨਾ ਦੱਸ ਸਕੇ, ਉਹ ਅੰਦਰ ਨਹੀਂ ਜਾ ਸਕਦਾ ਸੀ। ਬੋਲਾ ਅਕਾਲ ਬੁੰਗਾ (ਤਖ਼ਤ) ਸਾਹਿਬ ਦੇ ਜਥੇਦਾਰ ਨੀਯਤ ਕਰਦੇ ਸਨ।"*

ਹੁਣ ਸ. ਗੁਰੇਤਜ ਸਿੰਘ ਜੀ ਦੱਸਣ ਕਿ ਸ. ਕਾਲਾ ਅਫ਼ਗਾਨਾ ਬਾਬਤ ਕੀਤੀ ਜਾਣ ਵਾਲੀ ਕਾਰਵਾਈ ਦੀ ਵੀਡੀਓ ਰਿਕਾਰਡਿੰਗ ਦੀ ਜ਼ਿਦ ਅਤੇ ਇਸ ਵੀਡੀਓ ਰਿਕਾਰਡਿੰਗ ਨੂੰ ਜਨਤਕ ਤੌਰ 'ਤੇ ਦਿਖਾਉਣ ਦੀ ਜ਼ਿਦ ਕਿੱਥੋਂ ਤਕ ਜਾਇਜ਼ ਹੈ? ਉਨ੍ਹਾਂ ਸ੍ਰੀ ਅਕਾਲ ਤਖ਼ਤ ਵੱਲ ਲਿਖੇ ਵਕਾਲਤਨਾਮੇ ਵਿਚ ਲਿਖਿਆ ਹੈ *"ਮੇਰੀ ਅਤਿ ਨਿਮਰਤਾ ਸਹਿਤ ਬੇਨਤੀ ਹੈ ਕਿ ਪੁੱਛ ਪੜਤਾਲ ਦੀ ਮੁਕੰਮਲ ਕਾਰਵਾਈ ਸਮੁੱਚੇ ਪੰਥ ਦੇ ਸਾਹਮਣੇ, ਯੋਗ ਪੂਰਵ ਨਿਸ਼ਚਿਤ ਵਿਧੀ ਅਨੁਸਾਰ ਹੋਵੇ। ਇਸ ਕਾਰਵਾਈ ਨੂੰ ਮੁੱਢੋਂ ਅੰਤ ਤਕ ਫਿਲਮਾਇਆ ਜਾਵੇ। ਇਸ ਫ਼ਿਲਮ ਨੂੰ ਪੰਥ ਆਮ ਮੁਲਾਂਕਣ ਲਈ ਵੰਡਿਆ ਜਾਵੇ।"*

3. ਇਸੇ ਵਕਾਲਤਨਾਮੇ ਵਿਚ ਸ. ਗੁਰਤੇਜ ਸਿੰਘ ਲਿਖਦੇ ਹਨ ਕਿ "ਭਾਈ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਦੀਆਂ ਤਕਰੀਬਨ ਸਾਰੀਆਂ ਲਿਖਤਾਂ ਮੈਂ ਧਿਆਨ ਨਾਲ ਪੜ੍ਹੀਆਂ ਹਨ ਅਤੇ ਮੈਨੂੰ ਇਨ੍ਹਾਂ ਲਿਖਤਾਂ ਦੇ ਆਧਾਰ ਉੱਤੇ ਉਹ ਇਕ ਸ਼ਰਧਾਵਾਨ ਗੁਰਸਿੱਖ ਜਾਪਦਾ ਹੈ ਜੀ।"

ਉਨ੍ਹਾਂ ਵੱਲੋਂ ਲਿਖੇ 'ਤਕਰੀਬਨ' ਲਫ਼ਜ਼ ਤੋਂ ਸਪਸ਼ਟ ਹੈ ਕਿ ਉਨ੍ਹਾਂ ਨੇ ਸ. ਕਾਲਾ ਅਫ਼ਗਾਨਾ ਦੀਆਂ ਸਾਰੀਆਂ ਦੀਆਂ ਸਾਰੀਆਂ ਲਿਖਤਾਂ ਅੱਖਰ-ਬ-ਅੱਖਰ ਨਹੀਂ ਪੜ੍ਹੀਆਂ, ਪਰ ਫਿਰ ਵੀ 27-12-2002 ਨੂੰ ਆਪਣੇ ਸਾਥੀਆਂ ਨਾਲ ਮਿਲਕੇ ਲਿਖੇ ਪੱਤਰ ਵਿਚ ਉਹ ਲਿਖਦੇ ਹਨ ਕਿ *"ਗੁਰਮਤਿ ਉੱਤੇ ਬ੍ਰਾਹਮਣਵਾਦ ਦਾ ਜੂਲਾ ਉਤਾਰਨ ਦਾ ਯਤਨ ਕਰਨ ਵਾਲੇ ਅਤੇ ਆਪਣੇ ਹਰ ਕਥਨ ਦੀ ਪ੍ਰੋੜ੍ਹਤਾ ਵਿਚ ਪੰਜ ਗੁਰੂ-ਸ਼ਬਦਾਂ ਦੀ ਗਵਾਹੀ ਭੁਗਤਾਉਣ ਵਾਲੇ ਲੇਖਕ ਭਾਈ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਬਾਰੇ ਫੈਸਲਾ ਤੁਸੀਂ ਕਰੋਗੇ।"*

ਹੁਣ ਜੇ ਉਨ੍ਹਾਂ ਸਾਰੀਆਂ ਦੀਆਂ ਸਾਰੀਆਂ ਲਿਖਤਾਂ ਅੱਖਰ-ਬ-ਅੱਖਰ ਪੜ੍ਹੀਆਂ ਹੀ ਨਹੀਂ ਤਾਂ ਫਿਰ ਇਹ ਦਾਅਵਾ ਕਿਵੇਂ ਕੀਤਾ ਜਾ ਰਿਹਾ ਹੈ ਕਿ ਕਾਲਾ ਅਫ਼ਗਾਨਾ ਨੇ ਆਪਣੇ ਹਰ ਕਥਨ ਦੀ ਪ੍ਰੋੜ੍ਹਤਾ ਵਿਚ 'ਪੰਜ ਗੁਰੂ ਸ਼ਬਦਾਂ' ਦੀ ਗਵਾਹੀ ਭੁਗਤਾਈ ਹੈ।

4. ਸ. ਗੁਰਤੇਜ ਸਿੰਘ, ਸ. ਕਾਲਾ ਅਫ਼ਗਾਨਾ ਨੂੰ 23-12-2002 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭੇਜੇ ਗਏ ਆਦੇਸ਼ ਦੇ ਪ੍ਰਤੀਕਰਮ ਵਜੋਂ ਸ. ਕਾਲਾ ਅਫ਼ਗਾਨਾ ਦੇ ਵਕੀਲ ਬਣੇ ਹਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਸ ਆਦੇਸ਼ ਦੀ ਪ੍ਰਤੀ ਕਾਲਾ ਅਫ਼ਗਾਨਾ ਵੱਲੋਂ ਆਪਣੇ 'ਹੁਕਮ' ਸਮੇਤ ਗੁਰਤੇਜ ਸਿੰਘ ਨੂੰ ਭੇਜੇ ਜਾਣ ਦੇ ਕਾਰਨ ਹੀ ਉਨ੍ਹਾਂ ਨੇ ਆਪਣਾ 'ਵਕਾਲਤਨਾਮਾ' ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਭੇਜਿਆ ਹੈ। ਉਹ ਆਪਣੇ ਵਕਾਲਤਨਾਮੇ ਵਿਚ ਇਹ ਵੀ ਲਿਖਦੇ ਹਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕਾਲਾ ਅਫ਼ਗਾਨਾ ਜੀ ਨੂੰ ਭੇਜਿਆ ਪੱਤਰ ਉਨ੍ਹਾਂ ਚੰਗੀ ਤਰ੍ਹਾਂ ਪੜ੍ਹ ਲਿਆ ਹੈ। ਉਨ੍ਹਾਂ ਦੇ ਧਿਆਨ ਗੋਚਰੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ. ਕਾਲਾ ਅਫ਼ਗਾਨਾ ਜੀ ਨੂੰ ਭੇਜੇ ਗਏ ਪੱਤਰ ਦਾ ਪਹਿਲਾ ਪੈਰਾ ਮੁੜ ਰੱਖਣਾ ਵਾਜ਼ਬ ਹੋਵੇਗਾ, ਜੋ ਇਸ ਪ੍ਰਕਾਰ ਹੈ: *"ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ ਹੇਠ ਦਸ ਭਾਗਾਂ ਵਿਚ ਲਿਖੀਆਂ ਤੁਹਾਡੀਆਂ ਪੁਸਤਕਾਂ ਅਤੇ ਹੋਰ ਲਿਖਤਾਂ ਵਿਚ ਬਹੁਤ ਸਾਰੇ ਵਿਚਾਰ ਤੁਸੀਂ ਦਸਮੇਸ਼ ਪਿਤਾ ਵੱਲੋਂ ਗੁਰੂ ਖ਼ਾਲਸਾ ਪੰਥ ਨੂੰ ਬਖ਼ਸ਼ਿਸ਼ ਕੀਤੇ ਖੰਡੇ ਬਾਟੇ ਦੇ ਅੰਮ੍ਰਿਤ ਸੰਬੰਧੀ ਦਿੱਤੇ ਹਨ, ਜਿਨ੍ਹਾਂ ਨੇ ਗੁਰੂ ਖ਼ਾਲਸਾ ਪੰਥ ਦੇ ਸਿੱਖੀ ਸਿਦਕ ਅਤੇ ਪੰਥਕ ਸ਼ਰਧਾ ਨੂੰ ਠੇਸ ਪਹੁੰਚਾਈ ਹੈ। ਇਸ ਵਿਸ਼ੇ ਬਾਰੇ ਕੁਝ ਕੁ ਹਵਾਲੇ ਹੇਠਾਂ ਦਰਜ਼ ਹਨ। ਇਸ ਦੁਖਦਾਈ ਅਵੱਸਥਾ ਦਾ ਪ੍ਰਗਟਾਵਾ ਗੁਰੂ ਕੀਆਂ ਸ਼ਰਧਾਵਾਨ ਸਿੱਖ ਸੰਗਤਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਨੇਕਾਂ ਲਿਖਤੀ ਚਿੱਠੀਆਂ ਰਾਹੀਂ ਕੀਤਾ ਹੈ। ਸਿੱਖ ਸੰਗਤਾਂ ਦੀਆਂ ਗੁਰੂ ਪਿਆਰ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰਖਦਿਆਂ ਤੁਹਾਨੂੰ ਸ੍ਰੀ ਅਕਾਲ ਤਖ਼ਤ ਵਿਖੇ ਆਪਣੀ ਸਥਿਤੀ ਸਪੱਸ਼ਟ ਕਰਨ ਲਈ 10 ਫਰਵਰੀ, 2003 ਨੂੰ ਹਾਜ਼ਰ ਹੋਣ ਲਈ ਆਦੇਸ਼ ਦਿੱਤਾ ਜਾਂਦਾ ਹੈ।"*

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਪਸ਼ੱਟ ਕੀਤਾ ਗਿਆ ਹੈ ਕਿ ਪੁਸਤਕਾਂ ਅਤੇ 'ਹੋਰ ਲਿਖਤਾਂ' ਵਿਚ ਜੋ ਕੁਝ ਕਾਲਾ ਅਫ਼ਗਾਨਾ ਨੇ ਲਿਖਿਆ ਹੈ, ਉਹ ਸਾਰਾ ਕੁਝ ਹੀ ਵਿਚਾਰਾਧੀਨ ਹੈ। ਜੇ ਸ. ਗੁਰਤੇਜ ਸਿੰਘ ਜੀ ਨੇ 'ਪੁਸਤਕਾਂ ਹੀ ਚੰਗੀ ਤਰ੍ਹਾਂ ਨਹੀਂ ਪੜ੍ਹੀਆਂ ਤਾਂ ਪੁਸਤਕਾਂ ਤੋਂ ਇਲਾਵਾ ਹੋਰ ਲਿਖਤਾਂ' ਦੇ ਪੱਖ ਵਿਚ ਵਕਾਲਤ ਉਹ ਕਿਵੇਂ ਕਰ ਸਕਦੇ ਹਨ। ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਵਾਲੇ ਆਦੇਸ਼ ਵਿਚ ਇਹ ਪੰਕਤੀ ਸਪਸ਼ਟ ਲਿਖੀ ਹੋਈ ਹੈ, ਇਸ ਬਾਰੇ ਕੁਝ ਕੁ ਹਵਾਲੇ ਹੇਠਾਂ ਦਰਜ ਹਨ। ਵੈਸੇ ਤਾਂ ਸ. ਗੁਰਤੇਜ ਸਿੰਘ ਦੀਆਂ ਬਹੁਤੀਆਂ ਲਿਖਤਾਂ ਅੰਗਰੇਜ਼ੀ ਵਿਚ ਹਨ, ਫਿਰ ਵੀ 'ਇਤਨੀ ਕੁ' ਪੰਜਾਬੀ ਤਾਂ ਉਨ੍ਹਾਂ ਨੂੰ ਸਮਝ ਵਿਚ ਆਉਂਦੀ ਹੋਵੇਗੀ ਕਿ 'ਕੁਝ ਕੁ' ਦਾ ਕੀ ਅਰਥ ਹੁੰਦਾ ਹੈ।'ਕੁਝ ਕੁ' ਤੋਂ ਸਾਫ਼ ਪਤਾ ਚੱਲਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭੇਜੇ ਗਏ ਆਦੇਸ਼ ਵਿਚ ਲਿਖੀਆਂ ਗਈਆਂ ਪੰਕਤੀਆਂ ਅਤੇ ਹਵਾਲੇ ਸਿਰਫ਼ 'ਟੂਕ ਮਾਤਰ' ਜਾਂ ਜਾਣਕਾਰੀ ਮਾਤਰ ਹੀ ਹਨ। ਪਰ ਫਿਰ ਵੀ ਸ. ਗੁਰਤੇਜ ਸਿੰਘ ਨੇ ਪਤਾ ਨਹੀਂ ਕਿਉਂ ਮਾਮਲੇ ਨੂੰ ਸਿਰਫ਼ ਪੰਜ-ਛੇ ਲਾਈਨਾਂ ਤਕ ਹੀ ਸੀਮਤ ਸਮਝ ਕੇ ਆਪਣੇ ਵਕਾਲਤਨਾਮੇ ਵਿਚ ਇਹ ਲਿਖ ਦਿੱਤਾ ਕਿ 'ਆਪ ਜੀ ਨੂੰ ਗ਼ਲਤ ਸਲਾਹ ਦੇਣ ਵਾਲੇ ਨਿੰਦਕ ਕਈ ਸਾਲਾਂ ਦੇ ਦੁਰ-ਪ੍ਰਚਾਰ ਕਰਨ ਅਤੇ ਨਿਰੰਤਰ ਘੋਖ ਪੜਤਾਲ ਕਰਨ ਤੋਂ ਬਾਅਦ ਵੀ ਉਨ੍ਹਾਂ ਦੀਆਂ ਸਮੁੱਚੀਆਂ ਲਿਖਤਾਂ (ਜੋ ਕਿ 2247 ਸਫ਼ਿਆਂ ਤੋਂ ਵੱਧ ਹਨ) ਵਿਚ 11 ਵਾਕ ਅਤੇ 277 ਅਲਫ਼ਾਜ ਹੀ ਅਜਿਹੇ ਕੱਢ ਸਕੇ ਹਨ, ਜੋ ਉਨ੍ਹਾਂ ਨੂੰ ਇਤਰਾਜ਼ਯੋਗ ਦਿਸ ਆਏ ਹਨ। ਸਪਸ਼ਟ ਹੈ ਕਿ 'ਛਿਦ੍ਰ ਦੇਖ' ਕੇ ਗੱਦ ਗੱਦ ਹੋ ਜਾਣ ਵਾਲੇ ਨਿੰਦਕ ਕਿਸੇ ਜ਼ਾਤੀ ਰੰਜਸ਼ ਦਾ ਜਮਾਤੀ ਕੁਚੇਸ਼ਟਾ ਅਧੀਨ ਆਪ ਕੋਲੋਂ ਕੁਕਰਮ ਕਰਾਉਣ ਦੀ ਜ਼ਿੱਦ ਕਰ ਰਹੇ ਹਨ।'

5. ਸ. ਗੁਰਤੇਜ ਸਿੰਘ ਜੀ ਜਦ 27-12-2002 ਵਾਲੇ ਪੱਤਰ ਵਿਚ ਇਹ ਕਹਿ ਚੁੱਕੇ ਹਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ 'ਹੁਕਮਨਾਮਾ' ਕਰਨ ਦਾ ਕੋਈ ਅਧਿਕਾਰ ਹੀ ਨਹੀਂ ਤਾਂ ਫਿਰ ਉਹ ਕਾਲਾ ਅਫ਼ਗਾਨਾ ਦੀ ਪੈਰਵੀ ਲਈ 'ਵਕਾਲਤਨਾਮਾ' ਕਿਉਂ ਦਾਖਲ ਕਰ ਰਹੇ ਹਨ?

6. ਕਾਲਾ ਅਫ਼ਗਾਨਾ ਜੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖਿਆ ਗਿਆ ਉਹ ਪੱਤਰ, ਜਿਸ ਵਿਚ ਉਨ੍ਹਾਂ ਆਪਣੇ ਬਿਮਾਰ ਹੋਣ, ਭਾਰਤ ਨਾ ਆ ਸਕਣ ਅਤੇ ਆਪਣੇ ਵਕੀਲ ਵਜੋਂ ਸ. ਗੁਰਤੇਜ ਸਿੰਘ ਦੇ ਪੇਸ਼ ਹੋਣ ਦੀ ਗੱਲ ਕੀਤੀ ਹੈ, ਵੀ ਸ. ਗੁਰਤੇਜ ਸਿੰਘ ਦੇ ਸਾਥੀਆਂ ਨੇ ਹੀ ਇਕ ਕਿਤਾਬਚੇ ਵਿਚ ਪ੍ਰਕਾਸ਼ਤ ਕਰ ਦਿੱਤਾ ਹੈ। ਇਸ ਪੱਤਰ ਵਿਚ ਕਾਲਾ ਅਫ਼ਗਾਨਾ ਨੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੂੰ ਸੰਬੋਧਨ ਕਰਨ ਲੱਗਿਆਂ, ਉਨ੍ਹਾਂ ਦੇ ਨਾਂ ਦੇ ਨਾਲ ਪ੍ਰਸ਼ਨ ਵਾਚੀ (?) ਚਿੰਨ੍ਹ ਲਾ ਦਿੱਤਾ ਹੈ। ਇਸ ਪ੍ਰਸ਼ਨ ਵਾਚੀ ਚਿੰਨ੍ਹ ਦੇ ਦੋ ਹੀ ਅਰਥ ਹੋ ਸਕਦੇ ਹਨ, ਇਕ ਤਾਂ ਇਹ ਹੈ ਕਿ ਕਾਲਾ ਅਫ਼ਗਾਨਾ 'ਜਥੇਦਾਰ' ਦੇ ਕਿਸੇ ਅਹੁਦੇ ਨੂੰ ਹੀ ਸਵੀਕਾਰ ਨਹੀਂ ਕਰਦੇ, ਜਾਂ ਫਿਰ ਉਹ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ ਨੂੰ ਹੀ 'ਜਥੇਦਾਰ' ਵਜੋਂ ਪ੍ਰਵਾਨ ਨਹੀਂ ਕਰਦੇ।

7. ਇਨ੍ਹਾਂ ਪੱਖਾਂ ਨੂੰ ਵਿਚਾਰਦਿਆਂ ਕਿ ਸ. ਕਾਲਾ ਅਫ਼ਗਾਨਾ ਜੀ ਅਤੇ ਉਨ੍ਹਾਂ ਦੇ ਵਕੀਲ ਦੋਹਾਂ ਨੂੰ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਉਸਦੀ ਸਮਰੱਥਾ ਜਾਂ ਅਧਿਕਾਰਾਂ ਪ੍ਰਤੀ ਭਰੋਸਾ ਨਹੀਂ ਹੈ ਤਾਂ ਫਿਰ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਪਣਾ ਪੱਖ ਰੱਖ ਹੀ ਕਿਉਂ ਰਹੇ ਹਨ? ਕੀ ਇਹ ਦੋਗਲੀ ਨੀਤੀ ਜਾਂ ਕੂਬਾਜ਼ਰੀ ਚਾਲ ਨਹੀਂ?

8. ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕਾਲਾ ਅਫ਼ਗਾਨਾ ਦੁਆਰਾ ਲਿਖੇ ਗਏ 'ਢੁੱਚਰ ਪੱਤਰ' ਅਤੇ ਸ. ਗੁਰਤੇਜ ਸਿੰਘ ਵੱਲੋਂ ਭੇਜੇ ਗਏ ਵਕਾਲਤਨਾਮੇ ਬਾਬਤ 10-2-2003 ਤਕ ਕੋਈ ਫੈਸਲਾ ਨਹੀਂ ਸੀ ਕੀਤਾ ਗਿਆ ਅਤੇ ਸ. ਗੁਰਤੇਜ ਸਿੰਘ ਜੀ ਨੂੰ ਐਸੀ ਕੋਈ ਵੀ ਸੂਚਨਾ ਨਹੀਂ ਸੀ ਭੇਜੀ ਗਈ ਕਿ ਉਹ 10-2-2003 ਨੂੰ ਸ. ਕਾਲਾ ਅਫ਼ਗਾਨਾ ਦੀ ਥਾਂ ਪੇਸ਼ ਹੋ ਸਕਦੇ ਹਨ ਫਿਰ ਵੀ ਉਹ ਆਪਣੇ ਕੁਝ ਸਾਥੀਆਂ ਸਮੇਤ 10-2-2003 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਕੀ ਕਰਨ ਪਹੁੰਚ ਗਏ ਸਨ?

9. ਸ. ਕਾਲਾ ਅਫ਼ਗਾਨਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਭੇਜੇ ਗਏ ਪੱਤਰ ਨੂੰ 'ਢੁੱਚਰ ਪੱਤਰ' ਇਸ ਲਈ ਲਿਖਿਆ ਜਾ ਰਿਹਾ ਹੈ ਕਿਉਂਕਿ ਇੰਟਰਨੈੱਟ 'ਤੇ ਵਿਦੇਸ਼ਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ, ਵਿਦੇਸ਼ਾਂ ਤੋਂ ਪ੍ਰਾਪਤ ਵੱਖ ਵੱਖ ਪੰਜਾਬੀ ਅਖ਼ਬਾਰਾਂ ਅਨੁਸਾਰ, ਵਿਦੇਸ਼ਾਂ ਤੋਂ ਪ੍ਰਾਪਤ ਸ. ਕਾਲਾ ਅਫ਼ਗਾਨਾ ਜੀ 'ਤੇ ਫਿਲਮਾਈਆਂ ਗਈਆਂ ਵੀਡੀਓ ਰਿਕਾਰਡਿੰਗਾਂ ਅਨੁਸਾਰ ਸ. ਕਾਲਾ ਅਫ਼ਗਾਨਾ ਚੰਗੇ ਭਲੇ ਤੁਰੇ ਫਿਰਦੇ ਹਨ, ਬੀਮਾਰ ਨਹੀਂ ਹਨ।

10. ਸ. ਕਾਲਾ ਅਫ਼ਗਾਨਾ ਦੇ 'ਢੁੱਚਰ ਪੱਤਰ' ਅਤੇ ਸ. ਗੁਰਤੇਜ ਸਿੰਘ ਦੇ 'ਵਕਾਲਤਨਾਮੇ' ਤੇ ਵਿਚਾਰ ਕਰਨ ਉਪਰੰਤ 10-2-2003 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਸਿੰਘ ਸਾਹਿਬਾਨ ਕਾਲਾ ਅਫ਼ਗਾਨਾ ਨਾਲ 'ਵੀਡੀਓ ਕਾਨਫਰੰਸ' ਰਾਹੀਂ ਗੱਲ ਕਰਨਗੇ। ਹਾਲਾਂਕਿ ਸ. ਕਾਲਾ ਅਫ਼ਗਾਨਾ ਨੂੰ ਆਪਣੇ 'ਢੁੱਚਰ ਪੱਤਰ' ਨਾਲ ਆਪਣੇ ਬੀਮਾਰ ਹੋਣ ਦਾ ਕੋਈ ਡਾਕਟਰੀ ਸਰਟੀਫਿਕੇਟ ਨਹੀਂ ਸੀ ਲਾਇਆ ਅਤੇ ਨਾ ਹੀ ਉਸ ਮਨੋਕਲਪਿਤ 'ਕਾਲੀ ਸੂਚੀ' ਨਾਲ ਸਬੰਧਤ ਕੋਈ ਸਬੂਤ ਹੀ ਲਾਇਆ, ਜਿਸ ਅਨੁਸਾਰ ਸ. ਕਾਲਾ ਅਫ਼ਗਾਨਾ ਭਾਰਤ ਨਹੀਂ ਆ ਸਕਦੇ। ਫਿਰ ਵੀ 'ਸਿੰਘ ਸਾਹਿਬਾਨਾਂ' ਨੇ ਬੜਾ ਹੀ ਨਰਮ ਅਤੇ ਸੁਖੈਨ ਰਵੱਈਆ ਅਪਨਾਉਂਦੇ ਹੋਇਆਂ ਸ. ਕਾਲਾ ਅਫ਼ਗਾਨਾ ਜੀ ਦੇ ਝੂਠੇ ਬਹਾਨਿਆਂ ਨੂੰ ਵੀ ਪ੍ਰਵਾਨ ਕਰ ਲਿਆ।

11. ਭਾਰਤ ਦੇ ਆਮ ਲੋਕ ਇਹ ਭਲੀ ਪ੍ਰਕਾਰ ਜਾਣਦੇ ਹਨ ਕਿ ਪੁਲੀਸ ਵਾਲੇ ਨਿਰਦੋਸ਼ ਲੋਕਾਂ ਖਿਲਾਫ਼ ਝੂਠੇ ਮੁਕੱਦਮੇ ਬਣਾਉਂਦੇ ਹਨ, ਉਨ੍ਹਾਂ ਨੂੰ ਜੇਲ੍ਹਾਂ ਵਿਚ ਸੁਟਵਾ ਦਿੰਦੇ ਹਨ ਅਤੇ ਜਦ ਮੁਕਦਮੇ ਵਿਚ ਗਵਾਹੀ ਦੇਣ ਦੀ ਵਾਰੀ ਆਉਂਦੀ ਹੈ ਤਾਂ ਇਹੋ ਪੁਲਸੀਏ ਅਦਾਲਤਾਂ ਵਿਚ ਇਹੋ ਜਿਹੇ ਝੂਠੇ ਮੈਡੀਕਲ ਸਰਟੀਫਿਕੇਟ ਦੇ ਕੇ ਗਵਾਹੀ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ। ਸ. ਕਾਲਾ ਅਫ਼ਗਾਨਾ ਜੀ ਅਜਿਹੀ ਖੜਪੈਂਚੀਆਂ ਦੇ ਮਾਹਰ ਹਨ। ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦੇ ਨਾਂ ਹੇਠ ਲਿਖੀਆਂ ਕਿਤਾਬਾਂ ਵਿਚਲੀ ਸਮੱਗਰੀ ਸਿੱਖ ਵਿਰੋਧੀ ਕੂੜ-ਕੁਬਾੜ ਨਾਲ ਭਰੀ ਪਈ ਹੈ। ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤਾਂ ਕੀ ਆਮ ਸਿੱਖ ਸੰਗਤਾਂ ਦੇ ਆਹਮੋ ਸਾਹਮਣੇ ਹੋ ਕੇ ਵੀ ਰਾਜ਼ੀ ਨਹੀਂ ਹਨ। ਫਰੈਜ਼ਨੋ ਅਤੇ ਰੋਜ਼ਵਿਲ ਦੇ ਗੁਰਦੁਆਰਿਆਂ ਵਿਚ ਆਮ ਸਿੱਖ ਸੰਗਤਾਂ ਦੇ ਸਾਧਾਰਨ ਜਿਹੇ ਸਵਾਲਾਂ ਦੇ ਜਵਾਬ ਉਹ ਨਹੀਂ ਦੇ ਸਕੇ ਸਨ। ਸ. ਕਾਲਾ ਅਫ਼ਗਾਨਾ ਜੀ ਦੀਆਂ ਸਮੁੱਚੀਆਂ ਲਿਖਤਾਂ ਅਤੇ ਮਾਮਲੇ ਬਾਬਤ ਖੋਜ ਕਰ ਰਹੇ ਪੰਥ ਦਰਦੀਆਂ ਨੇ ਇਹ ਸ਼ੰਕਾ ਵੀ ਪ੍ਰਗਟ ਕੀਤੀ ਹੈ ਕਿ ਇਹ ਕਿਤਾਬਾਂ ਆਰੀਆ ਸਮਾਜ, ਨਿਰੰਕਾਰੀਆਂ, ਆਰ.ਐਸ.ਐਸ.ਅਤੇ ਬਿਪਰ ਹਾਕਮਾਂ ਦੁਆਰਾ ਬਣਾਈ ਇਕ ਸਾਂਝੀ ਟੀਮ ਦੁਆਰਾ ਲਿਖੀਆਂ ਜਾ ਰਹੀਆਂ ਹਨ। ਕਾਲਾ ਅਫ਼ਗਾਨਾ ਉਸ ਟੀਮ ਦਾ ਇਕ ਮਾਮੂਲੀ ਜਿਹਾ ਹੱਥ-ਠੋਕਾ ਹੈ। ਉਹ ਆਹਮੋ-ਸਾਹਮਣੇ ਹੋ ਕੇ 'ਗੁਰਮਤਿ ਅਤੇ ਗੁਰਬਾਣੀ ਬਾਰੇ ਕੋਈ ਗੱਲਬਾਤ ਕਰਨ ਲਾਇਕ ਹੈ ਹੀ ਨਹੀਂ ਕਿਉਂਕਿ ਉਸਨੂੰ ਗੁਰਮਤਿ, ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਕੋਈ ਜਾਣਕਾਰੀ ਨਹੀਂ ਹੈ। ਇਸੇ ਲਈ ਉਸਨੂੰ ਪਿੱਛੇ ਕਰਕੇ ਉਸ ਦੀ ਥਾਂ ਸ. ਗੁਰਤੇਜ ਸਿੰਘ ਨੂੰ ਵਕੀਲ ਵਜੋਂ ਵਰਤਿਆ ਜਾ ਰਿਹਾ ਹੈ।

12. 10-2-2003 ਦੇ 'ਵੀਡੀਓ ਕਾਨਫਰੈਂਸਿੰਗ' ਵਾਲੇ ਫੈਸਲੇ ਤੋਂ ਬੁਖਲਾਏ ਕਾਲਾ ਅਫ਼ਗਾਨਾ ਅਤੇ ਸ. ਗੁਰਤੇਜ ਸਿੰਘ ਦੋਹਾਂ ਨੇ ਇਕ ਇਕ ਪੱਤਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਹੋਰ ਲਿਖਿਆ ਹੈ। ਇਹ ਦੋਵੇਂ ਪੱਤਰ ਵੀ ਉਨ੍ਹਾਂ ਵੱਲੋਂ ਆਪ ਹੀ ਸਿੱਖ ਜਗਤ ਦੀ ਜਾਣਕਾਰੀ ਲਈ ਪ੍ਰਕਾਸ਼ਤ ਕਰਵਾਏ ਜਾ ਚੁੱਕੇ ਹਨ। ਬੁਖਲਾਏ ਅਤੇ ਝੁੰਜਲਾਏ ਸ. ਕਾਲਾ ਅਫ਼ਗਾਨਾ ਜੀ ਇਸ ਪੱਤਰ ਵਿਚ ਆਪਣੀ ਘਰ ਵਾਲੀ ਦੇ ਬੀਮਾਰ ਹੋਣ ਦਾ ਢੱਕਵੰਜ ਕਰ ਰਹੇ ਹਨ ਅਤੇ ਲਿਖਦੇ ਹਨ ਕਿ 'ਵੀਡੀਓ ਕਾਨਫਰੈਂਸਿੰਗ' ਲਈ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਦੇ ਨਜ਼ਦੀਕੀ 'ਦਸਮੇਸ਼ ਦਰਬਾਰ ਗੁਰਦੁਆਰੇ' ਵਿਚ ਬੁਲਾਉਣ ਦੀ ਥਾਂ 'ਅਕਾਲੀ ਸਿੰਘ ਸਿੱਖ ਸੁਸਾਇਟੀ' ਵਿਚ ਬੁਲਾਇਆ ਜਾਵੇ। ਕਾਲਾ ਅਫ਼ਗਾਨਾ ਜੀ ਨੇ ਆਪਣੇ ਕਿਸੇ ਨਜ਼ਦੀਕੀ ਹਰਮੀਤ ਸਿੰਘ ਦੇ ਫ਼ੋਨ ਦਾ ਹਵਾਲਾ ਦੇ ਕੇ ਇਹ ਝੂਠ ਵੀ ਲਿਖ ਦਿੱਤਾ ਹੈ ਕਿ 10-2-2003 ਨੂੰ 300 ਬੰਦੇ ਸਾਰਾ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਭੁੱਖੇ ਭਾਣੇ ਬੈਠੇ ਰਹੇ। ਜਦ ਕਿ ਉੱਥੇ ਮਸਾਂ 20 ਕੁ ਬੰਦੇ ਹੀ ਆਏ ਸਨ।

ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀਆਂ ਸਿੱਖ ਸੰਗਤਾਂ ਵਿਚੋਂ ਕੁਝ ਲੋਕ ਵੀਡੀਓ ਕੈਮਰਿਆਂ ਅਤੇ ਪੱਤਰਕਾਰਾਂ ਸਾਹਮਣੇ ਸ. ਗੁਰਤੇਜ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਕੀਤੀ ਜਾ ਰਹੀ ਬਹਿਸਬਾਜ਼ੀ ਨੂੰ ਸੁਣਨ ਲਈ ਕੁਝ ਦੇਰ ਉੱਥੇ ਰੁਕਦੇ ਅਤੇ ਫਿਰ ਅੱਗੇ ਤੁਰ ਪੈਂਦੇ ਸਨ। ਉੱਥੇ ਮੌਜੂਦ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਟਾਸਕ ਫੋਰਸ ਦੇ ਮੈਂਬਰਾਂ ਨੂੰ ਵੀ ਮਿਲਾ ਲਿਆ ਜਾਵੇ ਤਾਂ ਵੀ ਸਾਰਾ ਦਿਨ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ 100-150 ਤੋਂ ਵੱਧ ਬੰਦਾ ਕਿਸੇ ਵੀ ਸਮੇਂ ਇਕੱਠਾ ਨਹੀਂ ਸੀ ਹੋਇਆ। ਹੁਣ ਰਹੀ ਭੁੱਖਣ-ਭਾਣੇ ਰਹਿਣ ਦੀ ਗੱਲ, ਤਾਂ ਸ਼ਾਇਦ ਕਾਲਾ ਅਫ਼ਗਾਨਾ ਜੀ ਦੇ ਸਮਰਥਕ ਅਤੇ ਸਹਿਯੋਗੀ ਗੁਰੂ ਰਾਮਦਾਸ ਪਾਤਸ਼ਾਹ ਦੇ ਪਾਵਨ ਲੰਗਰ ਵਿਚੋਂ ਪ੍ਰਸ਼ਾਦਾ ਛਕਣ ਤੋਂ ਸ਼ਾਇਦ ਇਸ ਲਈ ਆਕੀ ਹੋ ਗਏ ਹੋਣ ਕਿ ਉਥੇ ਉਨ੍ਹਾਂ ਨੂੰ ਬੂਟਾਂ ਸਮੇਤ ਟੇਬਲ-ਕੁਰਸੀਆਂ 'ਤੇ ਨਹੀਂ ਬਿਠਾਇਆ ਜਾਣਾ ਸੀ। ਨਹੀਂ ਤਾਂ ਸ੍ਰੀ ਦਰਬਾਰ ਸਾਹਿਬ ਵਿਚ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਵਿਚ ਦਰਸ਼ਨਾਂ ਨੂੰ ਗਈਆਂ ਸਮੂਹ ਸੰਗਤਾਂ ਲੰਗਰ ਛਕਦੀਆਂ ਹਨ ਤੇ ਇਨ੍ਹਾਂ ਨੂੰ ਉਥੇ ਲੰਗਰ ਛਕਣ ਤੋਂ ਕਿਸੇ ਨੇ ਮਨ੍ਹਾ ਨਹੀਂ ਸੀ ਕੀਤਾ। ਪਰ ਸ਼ਾਇਦ ਉਹ ਮਹਾਤਮਾ ਗਾਂਧੀ ਦੇ ਚੇਲਿਆਂ ਵਾਂਗ ਭੁੱਖ ਹੜਤਾਲ ਕਰਕੇ ਆਪਣਾ ਵਿਰੋਧ ਪ੍ਰਦਰਸ਼ਨ ਕਰਨ ਗਏ ਹੋਣ।

13. ਸ. ਗੁਰਤੇਜ ਸਿੰਘ ਨੂੰ ਵੀ ਸ਼ਾਇਦ 10-2-2003 ਦੀ ਘਟਨਾ ਤੋਂ ਬਾਅਦ ਇਸ ਗੱਲ ਦਾ ਅਹਿਸਾਸ ਹੋਇਆ ਹੋਵੇਗਾ ਕਿ ਸ. ਕਾਲਾ ਅਫ਼ਗਾਨਾ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜੀਆਂ ਸ਼ਿਕਾਇਤਾਂ ਅਤੇ ਸਮੱਗਰੀ ਸਿਰਫ਼ 11 ਪੰਕਤੀਆਂ ਜਾਂ 277 ਲਫ਼ਜ਼ਾਂ ਤਕ ਸੀਮਤ ਨਹੀਂ ਹਨ। (ਜੈਸਾ ਕਿ ਉਨ੍ਹਾਂ ਨੇ ਆਪਣੇ ਵਕਾਲਤਨਾਮੇ ਵਿਚ ਲਿਖਿਆ ਹੈ।) ਇਸੇ ਲਈ ਉਨ੍ਹਾਂ ਨੇ ਆਪਣੇ ਦੂਸਰੇ ਪੱਤਰ ਵਿਚ ਵਕੀਲੀ ਚਾਲ ਚੱਲਦਿਆਂ ਕਾਲਾ ਅਫ਼ਗਾਨਾ ਬਾਬਤ ਸਾਰੀਆਂ ਸ਼ਿਕਾਇਤਾਂ ਦੀਆਂ ਫੋਟੋ ਕਾਪੀਆਂ ਸ੍ਰੀ ਅਕਾਲ ਤਖ਼ਤ ਸਾਹਿਬ ਪਾਸੋਂ ਪ੍ਰਾਪਤ ਕਰਨ ਦੀ ਮੰਗ ਕੀਤੀ ਹੈ। ਵੈਸੇ ਤਾਂ ਆਪਣੇ ਵਕਾਲਤਨਾਮੇ ਵਿਚ ਹੀ ਉਨ੍ਹਾਂ ਨੇ ਕਾਲਾ ਅਫ਼ਗਾਨਾ ਵਿਰੁੱਧ ਸ਼ਿਕਾਇਤ ਕਰਨ ਵਾਲਿਆਂ ਲਈ 'ਨਿੰਦਕ' ਸ਼ਬਦ ਵਰਤਿਆ ਹੈ, ਪਰ ਆਪਣੇ ਦੂਸਰੇ ਪੱਤਰ ਵਿਚ ਉਹ ਬੜੀ ਹੀ ਚਲਾਕੀ ਨਾਲ ਕਾਲਾ ਅਫ਼ਗਾਨਾ ਦੇ ਵਿਰੋਧੀਆਂ ਨੂੰ ਨਿਰੰਕਾਰੀਆਂ, ਭਨਿਆਰਿਆਂ ਅਤੇ ਹੋਰ ਸੰਪਰਦਾਵਾਂ ਨਾਲ ਜ਼ਬਰਨ ਨੱਥੀ ਕਰਕੇ ਹਰ ਹੀਲੇ ਹਵਾਲੇ ਇਹ ਜਾਣਨਾ ਚਾਹੁੰਦੇ ਹਨ ਕਿ ਆਖਰ ਸ੍ਰੀ ਅਕਾਲ ਤਖ਼ਤ ਸਾਹਿਬ ਪਾਸ ਕਾਲਾ ਅਫ਼ਗਾਨਾ ਵਿਰੁੱਧ ਕੀ-ਕੀ ਸਮੱਗਰੀ ਮੌਜੂਦ ਹੈ। ਸੋ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਪਾਸੋਂ ਇਸ ਸਮੱਗਰੀ ਦੀ ਮੰਗ ਕਰਨ ਦੀ ਬਜਾਏ ਆਪ ਹੀ ਕਾਲਾ ਅਫ਼ਗਾਨਾ ਦੀਆਂ ਸਾਰੀਆਂ ਲਿਖਤਾਂ, (ਪ੍ਰਕਾਸ਼ਤ ਅਤੇ ਅਪ੍ਰਕਾਸ਼ਤ) ਚਿੱਠੀਆਂ ਇਤਿਆਦਿ ਅੱਖਰ-ਬ-ਅੱਖਰ ਪੜ੍ਹ ਲੈਣੀਆਂ ਚਾਹੀਦੀਆਂ ਹਨ। ਉਨ੍ਹਾਂ ਨੂੰ ਆਪ ਹੀ ਪਤਾ ਲੱਗ ਜਾਵੇਗਾ ਕਿ ਉਨ੍ਹਾਂ ਦੇ ਮੁਵੱਕਿਲ ਨੇ ਕਿਹੜੇ ਕਿਹੜੇ ਆਪਾਰਾਧਿਕ ਕਾਰਨਾਮੇ ਕੀਤੇ ਹਨ, ਜਿਨ੍ਹਾਂ ਵਿਰੁੱਧ ਸਿੱਖ ਸੰਵਿਧਾਨ ਦੀ ਕਿਸ ਧਾਰਾ ਤਹਿਤ ਮੁਕੱਦਮਾ ਦਾਇਰ ਹੋ ਸਕਦਾ ਹੈ।

14. ਪਿਛਲੇ ਕਈ ਸਾਲਾਂ ਤੋਂ ਪੰਥਕ ਰਸਾਲੇ, ਜਿਵੇਂ ਖੰਡੇਧਾਰ, ਸਿੱਖ ਸ਼ਹਾਦਤ, ਦੇਸ਼ ਪੰਜਾਬ, ਸੰਤ ਸਿਪਾਹੀ, ਗੁਰਮਤਿ ਪ੍ਰਕਾਸ਼, ਸੂਰਾ ਅਤੇ ਹੋਰ ਰੋਜ਼ਾਨਾ ਅਖ਼ਬਾਰਾਂ ਬਤੌਰ ਪੰਥਕ ਮੀਡੀਆ, ਪੰਥਕ ਹੱਕਾਂ ਲਈ ਆਪਣੀ ਆਪਣੀ ਸੂਝ-ਸਮਝ, ਸਮਰਥਾ ਅਤੇ ਪ੍ਰਾਪਤ ਵਸੀਲਿਆਂ ਨਾਲ ਜੂਝ ਰਹੀਆਂ ਹਨ। ਇਨ੍ਹਾਂ ਸਾਰਿਆਂ ਦੀ ਪਾਠਕ ਸੰਖਿਆ ਬਹੁਤ ਵੱਡੀ ਗਿਣਤੀ ਤਕ ਜਾ ਪੁੱਜਦੀ ਹੈ। ਕਾਲਾ ਅਫ਼ਗਾਨਾ ਜੀ ਦੇ ਬੁਲਾਰੇ ਵੱਜੋਂ ਕੰਮ ਕਰ ਰਹੇ ਕਿਸੇ ਇੱਕਾ-ਦੁੱਕਾ ਪ੍ਰਕਾਸ਼ਕ ਦੇ ਅੱਡੀ ਚੋਟੀ ਦੇ ਜ਼ੋਰ ਲਾ ਲੈਣ ਨਾਲ ਵੀ ਸਿੱਖ ਕੌਮ ਨੇ ਦੋਫਾੜ ਨਹੀਂ ਹੋ ਜਾਣਾ ਅਤੇ ਨਾ ਹੀ ਸਿੱਖ ਵਿਰੋਧੀ ਜੁੰਡਲੀ ਦਾ 'ਪ੍ਰੋਟੈਸਟੈਂਟ ਸਿੱਖ' ਤਿਆਰ ਕਰਨ ਦਾ ਸੁਪਨਾ ਕਦੀ ਸਾਕਾਰ ਹੋਣਾ ਹੈ। ਕੁਝ ਭੁੱਲੇ ਭਟਕੇ ਸਿੱਖ ਵੀਰ ਅੱਜ ਜੇ ਇਹਨਾਂ ਨਾਲ ਖੜ੍ਹੇ ਵੀ ਹਨ, ਤਾਂ ਉਹਨਾਂ ਨੇ ਵੀ ਅੱਜ ਨਹੀਂ ਤਾਂ ਕੱਲ੍ਹ ਸੱਚਾਈ ਸਾਹਮਣੇ ਆਉਣ 'ਤੇ ਘਰ ਪਰਤ ਹੀ ਆਉਣਾ ਹੈ। ਭਵਿੱਖ ਵਿਚ ਅਫ਼ਸੋਸ ਤਾਂ ਸਿਰਫ਼ ਇਤਨਾ ਹੀ ਹੋਵੇਗਾ ਕਿ ਕਦੇ ਸ. ਗੁਰਤੇਜ ਸਿੰਘ ਵਰਗੇ ਸੂਝਵਾਨ ਵੀ ਇਨ੍ਹਾਂ ਨਾਲ ਜਾ ਰਲੇ ਸਨ।

*-ਗੁਰਪ੍ਰੀਤ ਸਿੰਘ ਦਿੱਲੀ*